ਦੇਸ਼-ਵਿਦੇਸ਼ ਤੋਂ ਪੱਤਰਕਾਰਾਂ ਦੀ ਲੋੜ
90416 59160

ਰੋਜ਼ਾਨਾ ਇਨਕਲਾਬੀ ਸੋਚ ਨੂੰ ਸਮਰਪਿਤ
# ਸਟਿੰਗ ਆਪ੍ਰੇਸ਼ਨ
(ਜਲੰਧਰ)

Postal Regd. No. PB/JL-067/2024-26
RNI Regd. No. PUN/MUL/2012/47956
www.stingoperation.us
E-mail : stingnews24@gmail.com
Visit on facebook
Like us on Facebook www.facebook.com/Sting Operation
WhatsApp No. : 90416-59160
ਮੁੱਖ ਸੰਪਾਦਕ ਸੁਦੇਸ਼ ਕੁਮਾਰ ਬੱਗਾ

ਜਲੰਧਰ • ਮੰਗਲਵਾਰ, 2 ਅਪ੍ਰੈਲ

ਸਾਲ : 13, ਅੰਕ 48, Ph. 0181-7967771 (Landline) Mob. : 90416-59160 , 94177-17088

# ਅਰਵਿੰਦ ਕੇਜਰੀਵਾਲ ਨੂੰ 15 ਦਿਨਾਂ ਲਈ ਜੇਲ੍ਹ ਭੇਜਿਆ

**ਨਵੀਂ ਦਿੱਲੀ, 1 ਅਪ੍ਰੈਲ (ਸਟਿੰਗ ਆਪ੍ਰੇਸ਼ਨ ਬਿਊਰੋ)**-ਦਿੱਲੀ ਆਬਕਾਰੀ ਨੀਤੀ ਮਾਮਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਰਾਊਜ਼ ਐਵੇਨਿਊ ਕੋਰਟ ਨੇ 15 ਅਪ੍ਰੈਲ ਤੱਕ ਨਿਆਂਇਕ ਹਿਰਾਸਤ 'ਚ ਭੇਜੇ ਜਾਣ ਤੋਂ ਬਾਅਦ ਇੱਥੇ ਤਿਹਾੜ ਜੇਲ੍ਹ ਲਿਆਂਦਾ ਗਿਆ। ਜੇਲ ਦੇ ਇਕ ਅਧਿਕਾਰੀ ਨੇ ਦੱਸਿਆ ਮੁੱਖ ਮੰਤਰੀ ਕੇਜਰੀਵਾਲ ਨੂੰ ਤਿਹਾੜ ਜੇਲ੍ਹ 'ਚ ਲਿਆਂਦਾ ਗਿਆ ਅਤੇ ਜੇਲ ਨੰਬਰ-2 ਵਿਚ ਰੱਖਿਆ ਜਾਵੇਗਾ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਮੈਡੀਕਲ ਜਾਂਚ ਲਈ ਲਿਜਾਇਆ ਗਿਆ। ਦੱਸ ਦੇਈਏ ਕਿ ਕੇਜਰੀਵਾਲ ਨੂੰ 21 ਮਾਰਚ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਦੇ ਸਬੰਧ ਵਿਚ ਗ੍ਰਿਫਤਾਰ ਕੀਤਾ ਸੀ। ਇਸ ਤੋਂ ਪਹਿਲਾਂ ਅੱਜ ਕੇਜਰੀਵਾਲ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਹਿਰਾਸਤ ਖਤਮ ਹੋਣ ਤੋਂ ਬਾਅਦ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਦੀ ਅਦਾਲਤ 'ਚ ਪੇਸ਼ ਕੀਤਾ ਗਿਆ ਸੀ। ਈਡੀ ਨੇ ਕੇਜਰੀਵਾਲ ਦੀ 15 ਦਿਨਾਂ ਦੀ ਨਿਆਂਇਕ ਹਿਰਾਸਤ ਦੀ ਮੰਗ ਕਰਦਿਆਂ ਕਿਹਾ ਸੀ ਕਿ ਉਹ ਜਾਂਚ 'ਚ ਪੂਰੀ ਤਰ੍ਹਾਂ ਸਹਿਯੋਗ ਨਹੀਂ ਕਰ ਰਹੇ ਹਨ। ਉਹ ਟਾਲ-ਮਟੋਲ ਜਵਾਬ ਦੇ ਰਹੇ ਹਨ ਅਤੇ ਆਪਣੇ ਫੋਨ ਦਾ ਪਾਸਵਰਡ ਵੀ ਨਹੀਂ ਦੇ ਰਹੇ, ਤਾਂ ਕਿ ਜਾਂਚ ਅੱਗੇ ਵਧਾਈ ਜਾ ਸਕੇ। ਜਿਸ ਤੋਂ ਬਾਅਦ ਕੋਰਟ ਨੇ 15 ਅਪ੍ਰੈਲ ਤੱਕ ਨਿਆਂਇਕ ਹਿਰਾਸਤ 'ਚ ਭੇਜਣ ਦਾ ਹੁਕਮ ਦਿੱਤਾ। ਦੱਸ ਦੇਈਏ ਕਿ 'ਆਪ' ਨੇਤਾ ਸੰਜੇ ਸਿੰਘ ਜਿਨ੍ਹਾਂ ਨੂੰ ਪਿਛਲੇ ਸਾਲ ਅਕਤੂਬਰ 'ਚ ਇਸੇ ਮਾਮਲੇ 'ਚ ਗ੍ਰਿਫਤਾਰ ਕੀਤਾ ਗਿਆ ਸੀ। ਉਹ ਪਹਿਲਾਂ ਜੇਲ ਨੰਬਰ-2 'ਚ ਬੰਦ ਸੀ ਪਰ ਹਾਲ ਹੀ 'ਚ ਉਨ੍ਹਾਂ ਨੂੰ ਜੇਲ ਨੰਬਰ-5 'ਚ ਤਬਦੀਲ ਕਰ ਦਿੱਤਾ ਗਿਆ ਸੀ। ਦਿੱਲੀ ਦੇ ਸਾਬਕਾ ਡਿਪਟੀ ਮਨੀਸ਼ ਸਿਸੋਦੀਆ ਜੋ ਕਿ ਇਸੇ ਮਾਮਲੇ ਵਿਚ ਜੇਲ੍ਹ 'ਚ ਹਨ, ਜੇਲ੍ਹ ਨੰਬਰ-1 'ਚ ਬੰਦ ਹਨ, ਜਦੋਂ ਕਿ ਬੀ. ਆਰ. ਐਸ ਆਗੂ ਕੇ. ਕਵਿਤਾ ਮਹਿਲਾ ਜੇਲ੍ਹ ਦੀ ਜੇਲ੍ਹ ਨੰਬਰ-6 ਵਿਚ ਹੈ। ਦੱਸਣਯੋਗ ਹੈ ਕਿ ਈਡੀ ਦਾ ਦੋਸ਼ ਹੈ ਕਿ ਆਬਕਾਰੀ ਨੀਤੀ ਵਿਚ ਬਦਲਾਅ ਦੇ ਬਦਲੇ ਕੇਜਰੀਵਾਲ ਨੇ ਦੱਖਣੀ ਸਮੂਹ ਦੇ ਸ਼ਰਾਬ ਕਾਰੋਬਾਰੀਆਂ ਤੋਂ 100 ਕਰੋੜ ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਸੀ ਅਤੇ ਉਕਤ ਰਾਸ਼ੀ ਦਾ ਇਸਤੇਮਾਲ ਗੋਆ ਅਤੇ ਪੰਜਾਬ ਵਿਧਾਨ ਸਭਾ ਚੋਣਾਂ 'ਚ ਖਰਚ ਕੀਤੀ ਗਈ ਸੀ।



## ਆਤਿਸ਼ੀ ਅਤੇ ਸੌਰਭ ਭਾਰਦਵਾਜ ਵੀ ਫਸ ਸਕਦੇ ਹਨ



ਈ.ਡੀ. ਨੇ ਦਾਅਵਾ ਕੀਤਾ ਕਿ ਪੁੱਛਗਿੱਛ ਦੌਰਾਨ ਕੇਜਰੀਵਾਲ ਨੇ ਦੱਸਿਆ ਹੈ ਕਿ ਵਿਜੇ ਨਾਇਰ ਉਨ੍ਹਾਂ ਨੂੰ ਨਹੀਂ ਸਗੋਂ ਆਤਿਸ਼ੀ ਅਤੇ ਸੌਰਭ ਭਾਰਦਵਾਜ ਨੂੰ ਰਿਪੋਰਟ ਕਰਦੇ ਸਨ। ਈ.ਡੀ. ਨੇ ਜਦੋਂ ਇਹ ਗੱਲ ਅਦਾਲਤ ਨੂੰ ਦੱਸੀ ਤਾਂ ਕੇਜਰੀਵਾਲ ਨੇ ਇਸ ਗੱਲ ਦਾ ਖੰਡਨ ਵੀ ਨਹੀਂ ਕੀਤਾ। ਇਹ ਪਹਿਲੀ ਵਾਰ ਹੈ ਜਦੋਂ ਅਦਾਲਤ 'ਚ ਇਸ ਮਾਮਲੇ 'ਚ ਦੋ ਮੰਤਰੀਆਂ ਦਾ ਨਾਂ ਲਿਆ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਹੁਣ ਸ਼ਰਾਬ ਘਪਲਾ ਘਪਲੇ 'ਚ ਆਤਿਸ਼ੀ ਅਤੇ ਸੌਰਭ ਭਾਰਦਵਾਜ ਵੀ ਫਸ ਸਕਦੇ ਹਨ। ਹੁਣ ਤਕ ਇਸ ਕਥਿਤ ਘਪਲੇ 'ਚ ਇਨ੍ਹਾਂ ਦੇ ਨਾਂ ਨਹੀਂ ਆਏ ਸਨ। ਇਹ ਵਿਜੇ ਨਾਇਰ ਉਨ੍ਹਾਂ ਲੋਕਾਂ 'ਚ ਹੈ, ਜਿਨ੍ਹਾਂ ਦੀ ਸ਼ਰਾਬ ਘਪਲੇ 'ਚ ਸਭ ਤੋਂ ਪਹਿਲਾਂ ਗ੍ਰਿਫਤਾਰੀ ਹੋਈ ਸੀ। ਸੀ.ਬੀ.ਆਈ. ਨੇ ਵਿਜੇ ਨਾਇਰ ਨੂੰ ਮਨੀਸ਼ ਸਿਸੋਦੀਆ ਦਾ 'ਕਰੀਬੀ' ਦੱਸਿਆ ਸੀ। ਵਿਜੇ ਨਾਇਰ ਕੁਝ ਸਾਲਾਂ ਤਕ ਆਮ ਆਦਮੀ ਪਾਰਟੀ ਦੇ ਕਮਿਊਨੀਕੇਸ਼ਨ ਇੰਚਾਰਜ ਰਿਹਾ ਹੈ। ਉਹ ਐਂਟਰਟੇਨਮੈਂਟ ਜਗਤ ਦਾ ਮੰਨਿਆ-ਪ੍ਰਮੰਨਿਆ ਨਾਂ ਹੈ। ਨਿਊਜ਼ ਏਜੰਸੀ ਮੁਤਾਬਕ, ਨਾਇਰ ਨੇ ਇੰਡੀ ਬੈਂਡਸ ਲਈ ਮੈਨੇਜਮੈਂਟ ਕੰਪਨੀ ਓ.ਐੱਮ.ਐੱਲ. ਸ਼ੁਰੂ ਕੀਤੀ ਸੀ। ਬਾਅਦ 'ਚ ਉਸ ਨੇ ਸਟੈਂਡਅਪ ਕਾਮੇਡੀ ਅਤੇ ਲਾਈਵ ਮਿਊਜ਼ਿਕ ਸ਼ੋਅ 'ਤੇ ਫੋਕਸ ਕੀਤਾ। ਓ.ਐੱਮ.ਐੱਲ. ਓਨਲੀ ਮਚ ਲਾਊਡਰ। ਇਹ ਐਂਟਰਟੇਮੈਂਟ ਮੀਡੀਆ ਕੰਪਨੀ ਹੈ। ਵਿਜੇ ਨਾਇਰ ਸੀ.ਈ.ਓ. ਅਤੇ ਡਾਇਰੈਕਟਰ ਵੀ ਰਿਹਾ ਹੈ। ਓਨਲੀ ਮਚ ਲਾਊਡਰ ਤੋਂ ਇਲਾਵਾ ਵਿਜੇ ਨਾਇਰ ਹੋਰ ਵੀ ਕਈ ਕੰਪਨੀਆਂ ਨਾਲ ਜੁੜੇ ਹੋਏ ਸਨ। ਇਨ੍ਹਾਂ ਵਿੱਚ ਬੇਬਲਫਿਸ਼ ਅਤੇ ਮਦਰਸਵੇਅਰ ਵਰਗੀਆਂ ਕੰਪਨੀਆਂ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਉਹ ਵੀਅਰਡਐੱਸ ਕਾਮੇਡੀ, ਮੋਟਰਮਾਊਥ ਰਾਈਟਰਸ ਅਤੇ ਰੇਬੇਲੀਅਨ ਮੈਨੇਜਮੈਂਟ ਵਰਗੀਆਂ ਆਨਲਾਈਨ ਗੇਮਿੰਗ, ਸੱਟੇਬਾਜ਼ੀ ਅਤੇ ਕਾਮੇਡੀ ਸ਼ੋਅ ਕੰਪਨੀਆਂ ਜਿਵੇਂ ਕਿ ਨਾਲ ਵੀ ਜੁੜਿਆ ਰਿਹਾ ਹੈ।

Exclusive News

## 'ਆਪ' ਦੇ ਸਾਬਕਾ ਸੰਸਦ ਮੈਂਬਰ ਧਰਮਵੀਰ ਗਾਂਧੀ ਕਾਂਗਰਸ 'ਚ ਹੋਏ ਸ਼ਾਮਲ

**ਨਵੀਂ ਦਿੱਲੀ, 1 ਅਪ੍ਰੈਲ (ਸਟਿੰਗ ਆਪ੍ਰੇਸ਼ਨ ਬਿਊਰੋ)**-ਪੰਜਾਬ ਦੇ ਪਟਿਆਲਾ ਤੋਂ 'ਆਪ' ਦੇ ਸਾਬਕਾ ਸੰਸਦ ਮੈਂਬਰ ਧਰਮਵੀਰ ਗਾਂਧੀ ਸੋਮਵਾਰ ਨੂੰ ਇੱਥੇ ਪਾਰਟੀ ਦੇ ਸੀਨੀਅਰ ਨੇਤਾਵਾਂ ਦੀ ਮੌਜੂਦਗੀ 'ਚ ਕਾਂਗਰਸ 'ਚ ਸ਼ਾਮਲ ਹੋ ਗਏ। ਉਨ੍ਹਾਂ ਦੀ ਜੁਆਇਨਿੰਗ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੋਈ ਹੈ। ਗਾਂਧੀ ਦੇ ਪਟਿਆਲਾ ਸੀਟ ਤੋਂ ਕਾਂਗਰਸ ਉਮੀਦਵਾਰ ਵਜੋਂ ਚੋਣ ਲੜਨ ਦੀ ਸੰਭਾਵਨਾ ਹੈ। ਧਰਮਵੀਰ ਗਾਂਧੀ ਨੇ 2014 'ਚ 'ਆਪ' ਉਮੀਦਵਾਰ ਵਜੋਂ ਪਟਿਆਲਾ ਤੋਂ ਪਰਨੀਤ ਕੌਰ ਨੂੰ ਹਰਾ ਕੇ ਲੋਕ ਸਭਾ ਚੋਣਾਂ ਜਿੱਤੀਆਂ ਸਨ। ਗਾਂਧੀ, ਜੋ ਪੇਸ਼ੇ ਤੋਂ ਡਾਕਟਰ ਹਨ, ਨੇ ਬਾਅਦ 'ਚ 2016 'ਚ 'ਆਪ' ਛੱਡ ਦਿੱਤੀ ਅਤੇ ਆਪਣਾ ਖੁਦ ਦਾ ਸੰਗਠਨ 'ਨਵਾਂ ਪੰਜਾਬ ਪਾਰਟੀ' ਬਣਾਈ, ਜਿਸ ਦਾ ਉਨ੍ਹਾਂ ਨੇ ਸੋਮਵਾਰ ਨੂੰ ਕਾਂਗਰਸ 'ਚ ਰਲੇਂਵਾ ਕਰ ਦਿੱਤਾ। ਪਾਰਟੀ ਨੇਤਾ ਪਵਨ ਖੇੜਾ ਅਤੇ ਪੰਜਾਬ ਦੇ ਏ.ਆਈ.ਸੀ.ਸੀ. ਇੰਚਾਰਜ ਦੇਵੇਂਦਰ ਯਾਦਵ, ਪੰਜਾਬ ਕਾਂਗਰਸ ਮੁਖੀ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸੀ.ਐੱਲ.ਪੀ. ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਗਾਂਧੀ ਦਾ ਪਾਰਟੀ 'ਚ ਸੁਆਗਤ ਕੀਤਾ। ਬਾਜਵਾ ਨੇ ਕਿਹਾ ਕਿ ਉਨ੍ਹਾਂ ਦੇ ਸ਼ਾਮਲ ਹੋਣ ਨਾਲ ਕਾਂਗਰਸ ਮਜ਼ਬੂਤ ਹੋਵੇਗੀ, ਜਦੋਂ ਕਿ ਵੜਿੰਗ ਨੇ ਕਿਹਾ ਕਿ ਅਜਿਹੇ ਪੇਸ਼ੇਵਰਾਂ ਦਾ ਪਾਰਟੀ 'ਚ ਸ਼ਾਮਲ ਹੋਣਾ ਇਕ ਚੰਗਾ ਸੰਕੇਤ ਹਨ।



## ਐਨ. ਆਰ. ਆਈ. ਵੀ ਪਾ ਸਕਣਗੇ ਵੋਟ, ਵੋਟਰ ਲਿਸਟ 'ਚ ਨਾਮ ਦਰਜ ਕਰਵਾਉਣ ਲਈ ਅਪਣਾਓ ਆਹ ਤਰੀਕਾ

**ਨਵੀਂ ਦਿੱਲੀ, 1 ਅਪ੍ਰੈਲ (ਸਟਿੰਗ ਆਪ੍ਰੇਸ਼ਨ ਬਿਊਰੋ)**-ਦੇਸ਼ ਵਿੱਚ ਲੋਕ ਸਭਾ ਚੋਣਾਂ ਦੀ ਤਰੀਕਾਂ ਦਾ ਐਲਾਨ ਹੋ ਚੁੱਕਿਆ ਹੈ ਅਤੇ ਇਹ ਚੋਣਾਂ ਸੱਤ ਪੜਾਵਾਂ ਵਿੱਚ ਕਰਵਾਈਆਂ ਜਾਣਗੀਆਂ। ਜਿੱਥੇ ਪੰਜਾਬ ਵਿੱਚ 1 ਜੂਨ ਨੂੰ ਵੋਟਾਂ ਪੈਣਗੀਆਂ ਅਤੇ ਨਤੀਜੇ 4 ਜੂਨ ਨੂੰ ਆਉਣਗੇ। ਉੱਥੇ ਹੀ ਤੁਹਾਨੂੰ ਦੱਸ ਦਈਏ ਕਿ ਜਿਹੜੇ ਸਾਡੇ ਐਨਆਰਆਈ ਵੀਰ ਹਨ, ਉਹ ਵੀ ਵੋਟਰ ਲਿਸਟ ਵਿੱਚ ਆਪਣਾ ਨਾਮ ਸ਼ਾਮਲ ਕਰਵਾ ਕੇ ਵੋਟ ਪਾ ਸਕਦੇ ਹਨ। ਪਰ ਇਸ ਦੀ ਲਈ ਇੱਕ ਸ਼ਰਤ ਹੈ ਕਿ ਉਹ ਐਨਆਰਆਈ ਵੀਰ ਲੋਕ ਸਭਾ ਹਲਕੇ ਦਾ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਵੋਟ ਪਾਉਣ ਲਈ ਲੋਕ ਸਭਾ ਹਲਕੇ ਵਿੱਚ ਹਾਜ਼ਰ ਹੋਣਾ ਪਵੇਗਾ। ਇਸ ਸ਼ਰਤ ਕਰਕੇ ਕਈ ਪ੍ਰਵਾਸੀ ਵੋਟ ਪਾਉਣ ਤੋਂ ਵਾਂਝੇ ਰਹਿ ਜਾਂਦੇ ਹਨ। ਪਰ ਹੁਣ ਅਜਿਹਾ ਨਹੀਂ ਹੋਵੇਗਾ, ਹਾਲ ਹੀ ਵਿੱਚ ਪ੍ਰੈਸ ਇਨਫਾਰਮੇਸ਼ਨ ਬਿਊਰੋ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ ਸੀ, "ਸਾਰੇ ਪ੍ਰਵਾਸੀ ਭਾਰਤੀ ਨਾਗਰਿਕਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਜਾਂਦੀ ਹੈ।" ਵਿਦੇਸ਼ ਵਿੱਚ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਵੋਟ ਪਾਉਣ ਲਈ 2 ਗੱਲਾਂ ਧਿਆਨ ਵਿੱਚ ਰੱਖਣੀਆਂ ਜ਼ਰੂਰੀ ਹਨ। ਪਹਿਲੀ - ਉਸ ਕੋਲ ਭਾਰਤ ਦਾ ਪਾਸਪੋਰਟ ਹੋਣਾ ਚਾਹੀਦਾ ਅਤੇ ਦੂਜਾ ਕਿ ਉਸ ਦੀ ਉਮਰ 18 ਸਾਲ ਜਾਂ ਉਸ ਤੋਂ ਵੱਧ ਹੋਵੇ।

**ਕਿਦਾਂ ਬਣ ਸਕਦੇ ਓਵਰਸੀਜ਼ ਵੋਟਰ ?**

☛ ਓਵਰਸੀਜ਼ ਵੋਟਰ ਬਣਨ ਲਈ ਤੁਹਾਨੂੰ ਸਭ ਤੋਂ ਪਹਿਲਾਂ ਭਾਰਤੀ ਚੋਣ ਕਮਿਸ਼ਨ ਦੀ ਵੈਬਸਾਈਟ 'ਤੇ ਜਾਣਾ ਹੋਵੇਗਾ। ☛ ਇਸ ਤੋਂ ਬਾਅਦ ਆਪਣੇ ਸੂਬੇ ਦੀ ਚੋਣ ਕਰਕੇ ਚੋਣ ਕਮਿਸ਼ਨ ਦੀ ਵੈਬਸਾਈਟ 'ਤੇ ਜਾਣਾ ਹੋਵੇਗਾ ☛ ਇਸ ਤੋਂ ਬਾਅਦ ਫਾਰਮ 61 ਡਾਊਨਲੋਡ ਕਰਨਾ ਹੋਵੇਗਾ ☛ ਫਾਰਮ ਭਰਨ ਤੋਂ ਬਾਅਦ ਪਾਸਪੋਰਟ ਸਾਈਜ ਫੋਟੋ ਲਾ ਕੇ ਇਸ ਨੂੰ ਸਕੈਨ ਕਰ ਲਓ। ☛ ਇਸ ਪ੍ਰਕਿਰਿਆ ਦੌਰਾਨ ਤੁਹਾਨੂੰ ਪਾਸਪੋਰਟ, ਵੈਲਿਡ ਵੀਜ਼ਾ ਡਾਕੂਮੈਂਟ, ਭਾਰਤ ਵਾਲੇ ਘਰ ਦਾ ਪਤਾ ਆਦਿ ਸਾਰੀ ਜਾਣਕਾਰੀ ਭਰ ਕੇ ਸਕੈਨ ਕਰਨਾ ਹੋਵੇਗਾ ☛ ਇਸ ਤੋਂ ਬਾਅਦ ਚੋਣ ਕਮਿਸ਼ਨ ਦੀ ਵੈਬਸਾਈਟ 'ਤੇ ਲਾਗਇਨ ਕਰਕੇ ਸਾਰੇ ਸਕੈਨ ਕੀਤੇ ਡਾਕੂਮੈਂਟਸ ਨੂੰ ਅਪਲੋਡ ਕਰ ਦਿਓ ☛ ਫਾਰਮ 61 ਭਰਨ ਤੋਂ ਬਾਅਦ ਕੀ ਹੋਵੇਗਾ ?

ਫਾਰਮ 61 ਭਰਨ ਤੋਂ ਬਾਅਦ, ਜ਼ਿਲ੍ਹਾ ਚੋਣ ਅਧਿਕਾਰੀ ਤੁਹਾਡੀ ਅਰਜ਼ੀ ਤੁਹਾਡੇ ਭਾਰਤੀ ਪਤੇ 'ਤੇ ਬੂਥ ਲੈਵਲ ਅਫ਼ਸਰ ਨੂੰ ਭੇਜ ਕੇ ਸਾਰੀ ਜਾਣਕਾਰੀ ਨਾਲ ਮਿਲਾਨ ਕਰੇਗਾ। ਜੇਕਰ ਸਾਰੀ ਜਾਣਕਾਰੀ ਸਹੀ ਹੋਈ ਤਾਂ ਤੁਹਾਨੂੰ ਫੋਨ 'ਤੇ ਇੱਕ ਮੈਸੇਜ ਰਾਹੀਂ ਜਾਣਕਾਰੀ ਦਿੱਤੀ ਜਾਵੇਗੀ ਕਿ ਤੁਸੀਂ ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ 'ਓਵਰਸੀਜ਼ ਇਲੈਕਟਰਸ' ਵਿੱਚ ਭਾਰਤੀ ਪਤਾ ਦਰਜ ਕਰਕੇ ਆਪਣਾ ਨਾਮ ਲੱਭ ਸਕੋਗੇ। ਪ੍ਰਵਾਸੀ ਭਾਰਤੀਆਂ ਨੂੰ ਵੋਟਰ ਪਛਾਣ ਪੱਤਰ ਵੀ ਨਹੀਂ ਦਿੱਤਾ ਜਾਂਦਾ। ਉਨ੍ਹਾਂ ਨੂੰ ਪੋਲਿੰਗ ਸਟੇਸ਼ਨ 'ਤੇ ਮੌਜੂਦ ਰਹਿ ਕੇ ਹੀ ਵੋਟ ਪਾਉਣ ਦਾ ਅਧਿਕਾਰ ਹੈ।



## ਦਲ ਬਦਲੂਆਂ ਦੀ ਐਂਟਰੀ ਨਾਲ ਟਿਕਟ ਦੀ ਲਾਈਨ 'ਚ ਰਹਿ ਗਏ ਕਈ ਲੀਡਰ

**ਨਵੀਂ ਦਿੱਲੀ, 1 ਅਪ੍ਰੈਲ (ਸਟਿੰਗ ਆਪ੍ਰੇਸ਼ਨ ਬਿਊਰੋ)**-ਆਪਣੀਆਂ ਪੁਰਾਣੀਆਂ ਪਾਰਟੀਆਂ ਨੂੰ ਬਾਏ-ਬਾਏ ਕਰਕੇ ਭਾਜਪਾ ਜੁਆਇਨ ਕਰਨ ਵਾਲੇ 3 ਨੇਤਾਵਾਂ ਨੂੰ ਜਿਸ ਤੇਜ਼ੀ ਨਾਲ ਪੰਜਾਬ ਵਿਚ ਭਾਜਪਾ ਵੱਲੋਂ ਲੋਕ ਸਭਾ ਚੋਣਾਂ ਦੀਆਂ ਟਿਕਟਾਂ ਦਿੱਤੀਆਂ ਗਈਆਂ ਹਨ, ਉਸ ਨਾਲ ਉਨ੍ਹਾਂ ਪੁਰਾਣੇ ਭਾਜਪਾਈਆਂ ਦੀਆਂ ਉਮੀਦਾਂ ਨੂੰ ਝਟਕਾ ਲੱਗਾ ਹੈ, ਜੋ ਚੋਣਾਂ 'ਚ ਟਿਕਟਾਂ ਲੈਣ ਦੇ ਚਾਹਵਾਨ ਸਨ। ਇਨ੍ਹਾਂ ਵਿਚ ਟਿਕਟ ਪਾਉਣ ਦੇ ਇਸ ਤਰ੍ਹਾਂ ਦੇ ਚਾਹਵਾਨ ਵੀ ਹਨ ਜੋ ਪਿਛਲੇ ਲੰਬੇ ਸਮੇਂ ਤੋਂ ਮੋਦੀ ਸਰਕਾਰ ਦੀਆਂ ਨੀਤੀਆਂ ਦਾ ਗੁਣਗਾਨ ਕਰ ਰਹੇ ਸਨ ਅਤੇ ਇਸ ਵਾਰ ਖੁਦ ਚੋਣ ਮੈਦਾਨ ਵਿਚ ਉਤਰ ਕੇ ਦੇਸ਼ ਦੀ ਸੰਸਦ ਵਿਚ ਪੁੱਜਣ ਦਾ ਇੰਤਜਾਰ ਕਰ ਰਹੇ ਸਨ। ਭਾਜਪਾ ਨੇ ਸ਼ਨੀਵਾਰ ਨੂੰ ਪੰਜਾਬ ਲਈ ਜਾਰੀ 6 ਉਮੀਦਵਾਰਾਂ ਦੀ ਲਿਸਟ ਵਿਚ ਦੂਜੀਆਂ ਪਾਰਟੀਆਂ ਤੋਂ ਆਏ 3 ਸੰਸਦ ਮੈਂਬਰਾਂ ਨੂੰ ਟਿਕਟ ਦਿੱਤੀ ਹੈ। ਇਸ ਦੌਰਾਨ ਹੁਣ 2024 ਦੀ ਚੋਣ ਵਿਚ ਮੋਦੀ ਸਰਕਾਰ ਵੱਲੋਂ ਜਿੱਤ ਦੀ ਹੈਟ੍ਰਿਕ ਲਾਉਣ ਦੀਆਂ ਸੰਭਾਵਨਾਵਾਂ ਵਿਚਕਾਰ ਲੰਮੇ ਸਮੇਂ ਤੋਂ ਟਿਕਟ ਦੀ ਲਾਈਨ ਵਿਚ ਲੱਗੇ ਉਕਤ ਨੇਤਾਵਾਂ ਨੂੰ ਹੁਣ ਫਿਰ ਤੋਂ ਹਾਈਕਮਾਨ ਵੱਲੋਂ ਦਿੱਤੇ ਗਏ ਉਮੀਦਵਾਰਾਂ ਦੇ ਕਦਮ ਨਾਲ ਕਦਮ ਮਿਲਾਉਣੇ ਹੋਣਗੇ। ਕੁਝ ਭਾਜਪਾਈਆਂ 'ਚ ਤਾਂ ਇਸ ਗੱਲ ਦੀ ਹੈਰਾਨੀ ਹੈ ਕਿ ਪਾਰਟੀ ਨੇ ਕਾਂਗਰਸ ਤੋਂ ਆਏ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ, ਪਰਨੀਤ ਕੌਰ ਅਤੇ 'ਆਪ' ਦੇ ਸੰਸਦ ਮੈਂਬਰ ਸੁਸ਼ੀਲ ਰਿੰਕੂ ਨੂੰ ਭਾਜਪਾ ਦੀ ਮੈਂਬਰਸ਼ਿਪ ਲੈਣ ਦੇ ਚੰਦ ਦਿਨਾਂ ਵਿਚ ਹੀ ਟਿਕਟਾਂ ਦੇ ਕੇ ਚੋਣ ਮੈਦਾਨ ਵਿਚ ਉਤਾਰ ਦਿੱਤਾ, ਜਦਕਿ ਜੋ ਪੁਰਾਣੇ ਨੇਤਾ ਪਿਛਲੇ ਲੰਮੇ ਸਮੇਂ ਤੋਂ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਦੱਸ ਦੇਈਏ ਕਿ ਪਟਿਆਲਾ ਤੋਂ 4 ਵਾਰ ਕਾਂਗਰਸ ਸੰਸਦ ਮੈਂਬਰ ਰਹੀ ਮਹਾਰਾਣੀ ਪਰਨੀਤ ਕੌਰ ਨੇ 14 ਮਾਰਚ ਨੂੰ ਭਾਜਪਾ ਜੁਆਇਨਿੰਗ ਕੀਤੀ, ਜਿਨਾਂ ਨੂੰ 17ਵੇਂ ਦਿਨ ਮਤਲਬ 30 ਮਾਰਚ ਨੂੰ ਪਾਰਟੀ ਨੇ ਪਟਿਆਲਾ ਤੋਂ ਆਪਣਾ ਉਮੀਦਵਾਰ ਐਲਾਨ ਕਰ ਦਿੱਤਾ। ਪਰਨੀਤ ਕੌਰ ਨੂੰ ਕਾਂਗਰਸ ਨੇ ਫਰਵਰੀ ਵਿਚ ਸਸਪੈਂਡ ਕਰ ਦਿੱਤਾ ਸੀ। ਇਸ ਤੋਂ ਬਾਅਦ ਉਨ੍ਹਾਂ ਭਾਜਪਾ ਦੀ ਮੈਂਬਰਸ਼ਿਪ ਲੈ ਲਈ ਸੀ। ਇਸੇ ਤਰਾਂ ਕਾਂਗਰਸ ਤੋਂ 3 ਵਾਰ ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ 26 ਮਾਰਚ ਨੂੰ ਭਾਜਪਾ ਵਿਚ ਐਂਟਰੀ ਮਾਰੀ, ਦੂਜੀ ਵਾਰ ਪਾਰਟੀ ਬਦਲਣ ਵਾਲੇ 'ਆਪ' ਸੰਸਦ ਮੈਂਬਰ ਸੁਸ਼ੀਲ ਰਿੰਕੂ ਨੇ ਵੀ 27 ਮਾਰਚ ਨੂੰ ਭਾਜਪਾ ਵਿਚ ਜੁਆਇੰਨਿੰਗ ਕੀਤੀ, ਜਿਨ੍ਹਾਂ ਨੂੰ ਕ੍ਰਮਵਾਰ : ਚੌਥੇ ਅਤੇ ਤੀਜੇ ਦਿਨ ਹੀ ਪਾਰਟੀ ਨੇ ਲੁਧਿਆਣਾ ਅਤੇ ਜਲੰਧਰ ਦੀਆਂ ਸੀਟਾਂ 'ਤੇ ਚੋਣ ਮੈਦਾਨ ਵਿਚ ਉਤਾਰ ਦਿੱਤਾ। ਉਥੇ ਅਮਰੀਕਾ ਵਿਚ ਭਾਰਤ ਦੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਵੀ 19 ਮਾਰਚ ਨੂੰ ਭਾਜਪਾ ਜੁਆਇਨ ਕੀਤੀ ਸੀ, ਜਿਨ੍ਹਾਂ ਨੂੰ ਸ਼ਨੀਵਾਰ ਪੰਜਾਬ ਦੇ ਹੋਰ 6 ਉਮੀਦਵਾਰਾਂ ਦੇ ਨਾਲ ਅੰਮ੍ਰਿਤਸਰ ਤੋਂ ਟਿਕਟ ਦਿੱਤੀ ਗਈ ਹੈ। ਭਾਜਪਾ ਵਿਚ 28 ਸਾਲ ਬਾਅਦ ਇਕੱਲੇ ਲੋਕ ਸਭਾ ਚੋਣ ਵਿਚ ਉਤਰ ਰਹੀ ਹੈ। ਉਕਤ ਨੇਤਾਵਾਂ ਨੂੰ ਪਾਰਟੀ ਵਿਚ ਸ਼ਾਮਲ ਕਰਵਾ ਕੇ ਭਾਜਪਾ ਨੂੰ ਅਜਿਹੇ ਚਿਹਰੇ ਮਿਲ ਗਏ ਹਨ, ਜਿਨ੍ਹਾਂ ਦਾ ਪੰਜਾਬ ਦੀ ਜਨਤਾ ਵਿਚ ਜਾਣਿਆ-ਪਛਾਣਿਆ ਨਾਮ ਹੈ। ਇਸ ਗੱਲ ਵਿਚ ਕੋਈ ਦੋ ਰਾਏ ਨਹੀਂ ਕਿ ਸ਼ਹਿਰੀ ਵੋਟ ਦਾ ਰੁਝਾਨ ਭਾਜਪਾ ਵੱਲ ਰਹਿੰਦਾ ਹੈ ਪਰ ਭਾਜਪਾ ਇਨ੍ਹਾਂ ਨੇਤਾਵਾਂ ਦੇ ਜ਼ਰੀਏ ਪਿੰਡਾਂ ਵਿਚ ਵੀ ਆਪਣੀ ਪਕੜ ਮਜ਼ਬੂਤ ਕਰਨ ਦੀ ਦਿਸ਼ਾ ਵਿਚ ਵੱਧ ਰਹੀ ਹੈ।



## ਬਾਰਡਰ ਰੇਂਜ ਪੁਲਸ ਦੀ ਨਸ਼ਿਆਂ ਖ਼ਿਲਾਫ਼ ਵੱਡੀ ਕਾਰਵਾਈ, 4 ਜ਼ਿਲ੍ਹਿਆਂ 'ਚ ਸਰਚ ਆਪ੍ਰੇਸ਼ਨ, 30 ਗ੍ਰਿਫ਼ਤਾਰ



**ਅੰਮ੍ਰਿਤਸਰ, 1 ਅਪ੍ਰੈਲ (ਸਟਿੰਗ ਆਪ੍ਰੇਸ਼ਨ ਬਿਊਰੋ)**-ਭਾਰਤ ਦੇ ਚੋਣ ਕਮਿਸ਼ਨ ਅਤੇ ਡੀ. ਜੀ. ਪੀ. ਪੰਜਾਬ ਗੌਰਵ ਯਾਦਵ ਦੀਆਂ ਹਦਾਇਤਾਂ 'ਤੇ ਨਸ਼ਿਆਂ ਖ਼ਿਲਾਫ਼ ਇਕ ਵੱਡਾ ਸਰਚ ਆਪ੍ਰੇਸ਼ਨ ਚਲਾਉਂਦੇ ਹੋਏ ਨਸ਼ੀਲੇ ਪਦਾਰਥਾਂ ਦੀ ਵੱਡੀ ਖੇਪ ਬਰਾਮਦ ਕੀਤੀ ਹੈ। ਇਸ ਵੱਡੇ ਆਪ੍ਰੇਸ਼ਨ ਦੌਰਾਨ ਅੰਮ੍ਰਿਤਸਰ ਬਾਰਡਰ ਰੇਂਜ ਦੇ 4 ਜ਼ਿਲ੍ਹਿਆਂ 'ਚੋਂ 30 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਕੋਲੋਂ 3.5 ਲੱਖ ਮਿਲੀਲੀਟਰ ਸ਼ਰਾਬ ਅਤੇ 22140 ਲੀਟਰ ਲਾਹਣ ਬਰਾਮਦ ਕੀਤੀ ਹੈ। ਇਸ ਦੇ ਨਾਲ ਹੀ ਪੁਲਸ ਨੇ ਮੁਲਜ਼ਮਾਂ ਵੱਲੋਂ ਨਸ਼ੇ ਦੇ ਇਸ ਕਾਰੋਬਾਰ 'ਚ ਵਰਤੇ ਜਾਂਦੇ 2 ਵਾਹਨ ਵੀ ਜ਼ਬਤ ਕੀਤੇ ਹਨ। ਇਸ ਸਬੰਧੀ ਅੰਮ੍ਰਿਤਸਰ ਬਾਰਡਰ ਰੇਂਜ ਦੇ ਆਈ.ਪੀ.ਐੱਸ. ਅਧਿਕਾਰੀ ਡੀ.ਆਈ.ਜੀ. ਰਾਕੇਸ਼ ਕੌਸ਼ਲ ਨੇ ਦੱਸਿਆ ਕਿ ਅੰਮ੍ਰਿਤਸਰ ਰੇਂਜ ਦੇ 4 ਪੁਲਸ ਜ਼ਿਲ੍ਹਿਆਂ, ਜਿਨ੍ਹਾਂ ਵਿਚ ਅੰਮ੍ਰਿਤਸਰ ਦਿਹਾਤੀ, ਪੁਲਸ ਜ਼ਿਲ੍ਹਾ ਬਟਾਲਾ, ਗੁਰਦਾਸਪੁਰ ਅਤੇ ਪਠਾਨਕੋਟ ਦੇ ਇਲਾਕਿਆਂ ਵਿਚ ਕੀਤੀ ਵੱਡੀ ਕਾਰਵਾਈ ਦੌਰਾਨ 624 ਹਥਿਆਰਬੰਦ ਜਵਾਨਾਂ ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਦਿਹਾਤੀ ਵਿਚ 7 ਕੇਸ ਦਰਜ ਕਰ ਕੇ 6 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ। ਇਸੇ ਤਰ੍ਹਾਂ ਬਟਾਲਾ ਵਿਚ 9 ਕੇਸ ਦਰਜ ਕਰ ਕੇ 8 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ। ਗੁਰਦਾਸਪੁਰ ਵਿਚ 11 ਕੇਸ ਦਰਜ ਕੀਤੇ ਗਏ ਅਤੇ ਸਾਰਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸੇ ਤਰ੍ਹਾਂ ਪਠਾਨਕੋਟ ਵਿਚ 7 ਕੇਸ ਦਰਜ ਕਰ ਕੇ 5 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।



ਸਟਿੰਗ ਆਪ੍ਰੇਸ਼ਨ

www.stingoperation.us



Publisher/Chief Editor

**Sudesh Kumar Bagga**

Sting Operation (News Paper)

stingnews24@gmail.com

www.stingoperation.us

Mob. : 90416-59160

**Head Office :**

#125, Nakodar Road

Malko (Jalandhar) 144026 Pb. (India)

Mob. : 90416-59160, 94177-17088

# ਡਿਊਟੀ ਕਟਵਾਉਣੀ ਮਹਿੰਗੀ ਪਈ



ਪਿਛਲੇ ਇਲੈਕਸ਼ਨਾਂ ਦੀ ਗੱਲ ਹੈ ਕਿ ਮਾਸਟਰ ਰਾਮ ਲਾਲ ਜੀ ਦੀ ਡਿਊਟੀ ਬਾਤੌਰ ਪੀ.ਆਰ.ਉ.ਲੱਗ ਗਈ।ਉਹ ਆਪਣੇ ਟਰੇਨਿੰਗ ਵਾਲੇ ਸਥਾਨ ਉੱਤੇ ਸਹੀ ਸਮੇਂ ਪਹੁੰਚ ਗਏ।ਉਹ ਟਰੇਨਿੰਗ ਲੈ ਕੇ ਬਾਹਰ ਨਿਕਲ ਹੀ ਰਹੇ ਸਨ ਕਿ ਅਚਾਨਕ ਇੱਕ ਨੌਜਵਾਨ ਨੇ ਉਹਨਾਂ ਦੇ ਪੈਰੀ ਹੱਥ ਲਗਾਉਂਦੇ ਹੋਏ ਫਤਹਿ ਬੁਲਾਈ।

“ਸਤਿ ਸ੍ਰੀ ਅਕਾਲ ਸਰ ਜੀ।“

“ਸਤਿ ਸ੍ਰੀ ਅਕਾਲ ਕੁਲਦੀਪ ਤੂੰ....ਇੱਥੇ ਕਿਵੇਂ ? “ਉਹ ਕੁਲਦੀਪ ਸੀ ਜਿਹੜਾ ਉਨ੍ਹਾਂ ਦੇ ਨਾਲ ਦੀ ਹੀ ਗਲੀ ਵਿੱਚ ਰਹਿੰਦਾ ਹੈ।

“ ਸਰ ਜੀ ਮੈਂ ਇੱਥੇ ਹੀ ਨੌਕਰੀ ਕਰਦਾ ਹਾਂ।“

“ ਤੂੰ.....ਕਦੋਂ ਆਇਆਂ ਨੌਕਰੀ ਵਿੱਚ ?“

“ ਸਰ ਜੀ ਪਿਛਲੀਆਂ ਭਰਤੀ ਵੇਲੇ।“

“ਅੱਛਾ...... ਮੈਨੂੰ ਤਾਂ ਪਤਾ ਹੀ ਨਹੀਂ ਸੀ, ਬਈ ਘਰ ਦਾ ਮੁੰਡਾ ਇੱਥੇ ਅਫ਼ਸਰ ਲੱਗਿਆ ਹੋਇਆ ਹੈ।÷

“ਅਫ਼ਸਰ ਕਾਹਦੇ ਸਰ ਬਸ...ਬਾਕੀ ਕੋਈ ਨਾ ਜੇ ਕੋਈ ਕੰਮ ਹੋਵੇ ਤਾਂ ਜਰੂਰ ਦੱਸਣਾ। ਆਹ ਚਾਰ ਨੰਬਰ ਕਮਰਾ ਮੇਰਾ ਹੀ ਹੈ। “ਆਖ ਉਹ ਆਪਣੇ ਕਮਰੇ ਵੱਲ ਚਲਾ ਗਿਆ।ਮਾਸਟਰ ਜੀ ਜਦੋਂ ਘਰ ਜਾ ਰਹੇ ਸਨ ਤਾਂ ਉਹਨਾਂ ਦੇ ਦਿਮਾਗ ਵਿੱਚ ਇੱਕ ਗੱਲ ਆਈ ਕਿਉਂ ਨਾ ਕੁਲਦੀਪ ਨੂੰ ਆਖ ਕੇ ਚੋਣਾਂ ਵਿੱਚ ਲੱਗੀ ਡਿਊਟੀ ਹੀ ਕਟਵਾ ਲਈਏ। ਬਸ ਫ਼ੇਰ ਕੀ ਸੀ ਸ਼ਾਮ ਨੂੰ ਮਾਸਟਰ ਜੀ ਪਹੁੰਚ ਗਏ ਕੁਲਦੀਪ ਦੇ ਘਰ ਤੇ ਜਾ ਕੇ ਮਾਰ ਦਿੱਤੀ ਉਸ ਦੇ ਘਰ ਘੰਟੀ।

“ਸਰ ਜੀ ਤੁਸੀਂ.... ਅੰਦਰ ਆਉ ਜੀ।“

“ਅੰਦਰ....ਫੇਰ ਕਿਸੇ ਦਿਨ ਆਵਾਂਗਾ।ਅੱਜ ਤਾਂ ਮੈਂ ਤੇਰੇ ਕੋਲ ਇੱਕ ਕੰਮ ਆਇਆ ਹਾਂ।“

“ ਹੁਕਮ ਕਰੋ ਸਰ ਜੀ ਹੁਕਮ....!“

“ਯਾਰ ਤੂੰ.... ਤੂੰ ਮੇਰੀ ਇਸ ਵਾਰ ਵੋਟਾਂ ਵਿੱਚੋਂ ਡਿਊਟੀ ਕਟਵਾਦੇ।“

“ਲਉ ਸਰ ਜੀ ਆਹ ਕਿਹੜਾ ਕੰਮਾਂ ਵਿਚੋਂ ਕੰਮ ਹੈ ਤੁਸੀਂ ਬੇਫ਼ਿਕਰ ਹੋ ਜਾਉ। ਤੁਹਾਡੀ ਡਿਊਟੀ ਕੱਟੀ ਗਈ ਸਮਝੋ।ਤੁਸੀਂ ਮੈਨੂੰ ਆਪਣੇ ਡਿਊਟੀ ਆਰਡਰ ਦੀ ਇੱਕ ਕਾਪੀ ਭੇਜ ਦਿਉ। “ਉਸਦੇ ਇਹ ਗੱਲ ਆਖਣ ਦੀ ਦੇਰ ਹੀ ਸੀ ਕਿ ਮਾਸਟਰ ਜੀ ਨੇ ਫੋਟੋ ਸਟੇਟ ਕੱਢ ਕੇ ਉਸਦੇ ਹੱਥ ਵਿੱਚ ਫੜਾਂ ਦਿੱਤੀ।

“ ਹੁਣ ਮੈਂ ਨਿਸ਼ਚਿੰਤ ਹੋ ਜਾਵਾ।“

“ਸਰ ਹੋ ਜਾਵੋ ਜੀ ਪੂਰੀ ਤਰ੍ਹਾਂ ਨਿਸ਼ਚਿੰਤ ਹੋ ਜਾਵੋ।ਮੈਂ ਤਾਂ ਕਹਿੰਦਾ ਸੀ ਸਰ ਚਾਹ ਪੀ ਲੈਂਦੇ।“

“ ਬਸ .....ਬਸ ਫ਼ੇਰ ਕਿਸੇ ਦਿਨ ਜਰੂਰ ਪੀਵਾਂਗਾ।ਬਸ ਮੇਰੇ ਕੰਮ ਦਾ ਧਿਆਨ ਰੱਖੀ। “

“ਤੁਸੀਂ ਬੇਫ਼ਿਕਰ ਹੋ ਜਾਵੋ ਸਰ ਜੀ।” ਮਾਸਟਰ ਜੀ ਚਲੇ ਜਾਂਦੇ ਹਨ। ਕੁਝ ਦਿਨਾਂ ਬਾਅਦ ਵੋਟਾਂ ਵਾਲਾ ਦਿਨ ਆ ਜਾਂਦਾ ਹੈ ਪਰ ਮਾਸਟਰ ਜੀ ਦੀ ਡਿਊਟੀ ਲੱਗ ਕੇ ਆ ਜਾਂਦੀ ਹੈ।ਮਾਸਟਰ ਜੀ ਔਖੇ ਜਿਹੇ ਤਿਆਰ ਹੋ ਜਾਂਦੇ ਹਨ ਤੇ ਮਨ ਵਿੱਚ ਕੁਲਦੀਪ ਨੂੰ ਬੋਲਦੇ ਹੋਏ, “ ਬਈ ਜੇ ਨਹੀਂ ਕਟਵਾ ਸਕਦਾ ਸੀ ਤਾਂ ਇੰਨੀਆਂ ਵੱਡੀਆਂ ਗੱਲਾਂ ਕਿਉਂ ਕੀਤੀਆਂ। “ਬੁੜ ਬੁੜ ਕਰਦੇ ਡਿਊਟੀ ਵਾਲੇ ਸਥਾਨ ਉੱਤੇ ਬੈਗ ਚੁੱਕ ਕੇ ਪਹੁੰਚ ਜਾਂਦੇ ਹਨ।ਉੱਥੇ ਉਹਨਾਂ ਨੂੰ ਸਭ ਤੋਂ ਪਹਿਲਾਂ ਕੁਲਦੀਪ ਹੀ ਮਿਲ ਜਾਂਦਾ ਹੈ।

“ਸਰ ਜੀ ਸਤਿ ਸ੍ਰੀ ਅਕਾਲ ਜੀ।“

“ਸਤਿ ਸ੍ਰੀ ਅਕਾਲ।“ ਮਾਸਟਰ ਜੀ ਦਾ ਦਿਲ ਤਾਂ ਨਹੀਂ ਸੀ ਜਵਾਬ ਦੇਣ ਦਾ ਪਰ ਫ਼ੇਰ ਵੀ ਜਵਾਬ ਦੇ ਦਿੰਦੇ ਹਨ।

“ਸਰ ਜੀ ਤੁਸੀਂ ਇੱਥੇ.....?”

“ਬਸ ਉਝ ਹੀ ਸ਼ੁਗਲ ਮੇਲਾ ਦੇਖਣ ਨੂੰ ਆਇਆ ਹਾਂ।“

“ਉਹ ਹੋ ਇਸਦਾ ਮਤਲਬ ਕਮਲ ਤੁਹਾਡੀ ਡਿਊਟੀ ਕੱਟਣੀ ਭੁੱਲ ਗਿਆ ਲੱਗਦਾ।ਕੋਈ ਗੱਲ ਨਹੀਂ ਮੈਂ ਹੁਣੇ ਹੀ ਉਸਨੂੰ ਪੁੱਛਦਾ ਹਾਂ। “ਉਹ ਮਿੱਠੀ ਗੋਲੀ ਦੇ ਕੇ ਚਲਾ ਗਿਆ। ਦਸ ਮਿੰਟਾਂ ਬਾਅਦ ਉਹ ਮਾਸਟਰ ਜੀ ਦੇ ਕੋਲ ਦੁਬਾਰਾ ਆਇਆਂ।

“ਮਾਸਟਰ ਜੀ ਤੁਹਾਡੀ ਡਿਊਟੀ ਰਿਜਰਵ ਵਿੱਚ ਲਗਵਾ ਦਿੱਤੀ ਹੈ। ਤੁਸੀਂ ਸ਼ਾਮ ਨੂੰ ਘਰੇ ਵਾਪਸ ਚਲੇ ਜਾਣਾ।”

“ਧੰਨਵਾਦ ਪੁੱਤਰ।÷ਕੁਲਦੀਪ ਦੀ ਇਹ ਗੱਲ ਸੁਣ ਕੇ ਮਾਸਟਰ ਜੀ ਨੂੰ ਥੋੜ੍ਹੀ ਜੇਹੀ ਰਾਹਤ ਮਿਲੀ।ਥੋੜ੍ਹੇ ਹੀ ਸਮੇਂ ਬਾਅਦ ਇੱਕ ਇੱਕ ਕਰਕੇ ਡਿਊਟੀ ਵਾਲੀਆਂ ਸਾਰੀਆਂ ਪਾਰਟੀਆਂ ਜਾਣ ਲੱਗ ਪਈਆਂ।ਮਾਸਟਰ ਜੀ ਅਰਾਮ ਨਾਲ ਇੱਕ ਪਾਸੇ ਬੈਠ ਗਏ।ਕੁਝ ਸਮੇਂ ਬਾਅਦ ਹੀ ਸਟੇਜ ਤੋਂ ਅਨਾਊਸਮੈਂਟ ਹੁੰਦੀ ਹੈ।

“ਸਾਰੇ ਰਿਜਰਵ ਸਟਾਫ਼ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕੋਈ ਮੈਂਬਰ ਪਾਸੇ ਨਾ ਜਾਵੇ।ਸਾਰੀਆਂ ਪਾਰਟੀਆਂ ਪੂਰੀਆਂ ਕਰਕੇ ਭੇਜਣੀਆਂ ਹਨ।÷ਇਹ ਸੁਣਦੇ ਹੀ ਮਾਸਟਰ ਜੀ ਦਾ ਕਲੇਜਾ ਮੂੰਹ ਵਿੱਚ ਆ ਗਿਆ ਬਈ ਹੁਣ ਲੱਗੇਗੀ ਡਿਊਟੀ।ਮਾਸਟਰ ਜੀ ਉੱਠ ਕੇ ਕੁਲਦੀਪ ਨੂੰ ਲੱਭਣ ਲੱਗ ਜਾਂਦੇ ਹਨ।

“ਸਰ ਜੀ ਤੁਸੀਂ ਜਿੱਥੇ ਜਾਣਾ ਹੈ ਜਾ ਆਉ। ਤੁਹਾਡੀ ਵਾਰੀ ਨਹੀਂ ਆਉਂਦੀ।÷ਮਾਸਟਰ ਜੀ ਨੂੰ ਇਹ ਗੱਲ ਸੁਣ ਕੇ ਹੌਂਸਲਾ ਹੋ ਜਾਂਦਾ ਹੈ।ਸ਼ਾਮ ਤੱਕ ਇੰਝ ਹੀ ਹੁੰਦਾ ਰਹਿੰਦਾ ਹੈ। ਇਸ ਤੋਂ ਬਾਅਦ ਵੀ ਜਦੋਂ ਵੀ ਅਨਾਊਸਮੈਂਟ ਹੁੰਦੀ, ਸੁਣ ਕੇ ਹਰ ਵਾਰ ਮਾਸਟਰ ਜੀ ਦਾ ਬੁਰਾ ਹਾਲ ਹੋ ਜਾਂਦਾ ਬਈ ਹੁਣ ਵੀ ਆ ਗਈ ਡਿਊਟੀ ਬਈ ਹੁਣ ਵੀ ਆ ਗਈ ਡਿਊਟੀ। ਇੰਝ ਹੀ ਕਰਦੇ ਕਰਦੇ ਸ਼ਾਮ ਹੋ ਜਾਂਦੀ ਹੈ ਤੇ ਸਾਰੇ ਰਿਜਰਵ ਸਟਾਫ਼ ਨੂੰ ਸਵੇਰੇ ਸੱਤ ਵਜੇ ਵਾਪਸ ਆਉਣ ਲਈ ਆਖ ਕੇ ਘਰਾਂ ਨੂੰ ਭੇਜ ਦਿੱਤਾ ਜਾਂਦਾ ਹੈ।ਮਾਸਟਰ ਜੀ ਇਸ ਤਰ੍ਹਾਂ ਵਾਪਸ ਜਾ ਰਹੇ ਹੁੰਦੇ ਹਨ ਜਿਵੇਂ ਕੋਈ ਕਿਲ੍ਹਾਂ ਫਤਹਿ ਕਰਕੇਕਰਕੇ ਜਾ ਰਹੇ ਹੁੰਦੇ ਹਨ।

ਅਗਲੇ ਦਿਨ ਸਵੇਰੇ ਮਾਸਟਰ ਜੀ ਗਰਾਊਂਡ ਵਿੱਚ ਪਹੁੰਚ ਜਾਂਦੇ।ਸਾਰੇ ਹੀ ਰਿਜਰਵ ਡਿਊਟੀ ਵਾਲੇ ਇੱਕ ਦੂਜੇ ਨਾਲ ਗੱਲਾਂ ਕਰ ਰਹੇ ਹੁੰਦੇ ਹਨ,÷ਚਲੋ ਜੇ ਹੁਣ ਡਿਊਟੀ ਤੇ ਜਾਣਾ ਵੀ ਪਿਆ ਤਾਂ ਦਿਨ ਦੀ ਹੀ ਗੱਲ ਹੈ ਰਾਤ ਤਾਂ ਵਧੀਆ ਲੰਘ ਗਈ।÷ਇੱਕ ਦੂਜੇ ਨੂੰ ਉੱਤੋਂ ਉੱਤੋ ਤਸੱਲੀ ਦੇ ਰਹੇ ਹੁੰਦੇ ਹਨ।ਇੰਝ ਹੀ ਕਰਦੇ ਕਰਦੇ ਸ਼ਾਮ ਹੋ ਜਾਂਦੀ ਹੈ। ਸਾਰੇ ਜਾਣੇ ਸਟੇਜ ਦੇ ਆਲੇ ਦੁਆਲੇ ਇਕੱਠੇ ਹੋ ਜਾਂਦੇ ਹਨ।

“ਸਾਰੇ ਰਿਜਰਵ ਸਟਾਫ਼ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕੋਈ ਵੀ ਮੈਂਬਰ ਬਿਨਾਂ ਆਗਿਆ ਦੇ ਡਿਊਟੀ ਸਥਾਨ ਛੱਡ ਕੇ ਨਾ ਜਾਵੇ, ਇਹ ਮਾਨਯੋਗ ਡੀ. ਸੀ. ਸਾਹਿਬ ਦੇ ਹੁਕਮ ਹਨ।“ ਸਾਰੇ ਜਾਣੇ ਸਟੇਜ ਦੇ ਸਾਹਮਣੇ ਲੱਗੀਆਂ ਕੁਰਸੀਆਂ ਉੱਤੇ ਬੇਫ਼ਿਕਰ ਹੋ ਕੇ ਬੈਠ ਜਾਂਦੇ ਹਨ।

“ਬਸ ਹੁਣ ਤਾਂ ਅੱਧੇ ਘੰਟੇ ਦੀ ਗੱਲ ਹੈ ਪੋਲਿੰਗ ਪਾਰਟੀਆਂ ਦੇ ਆਉਣ ਦੀ ਦੇਰ ਹੈ, ਆਪਾਂ ਨੂੰ ਕਰ ਦੇਣਗੇ ਫਾਰਗ।”

ਸਾਰੇ ਇੱਕ ਦੂਜੇ ਨਾਲ ਏਹੀ ਗੱਲ ਕਰ ਰਹੇ ਹੁੰਦੇ ਹਨ।

“ ਰਾਮ ਲਾਲ ਜੀ ਕੌਣ ਹਨ ? “ਇੱਕ ਕਰਮਚਾਰੀ ਜਿਸਦੇ ਹੱਥ ਵਿੱਚ ਫਾਇਲ ਫੜੀ ਹੁੰਦੀ ਹੈ। ਆ ਕੇ ਪੁੱਛਦਾ ਹੈ। ਇਸ ਤੋਂ ਪਹਿਲਾਂ ਕਿ ਮਾਸਟਰ ਜੀ ਕੁਝ ਬੋਲਦੇ ਸਾਰੇ ਹੀ ਉਹਨਾਂ ਵੱਲ ਉਂਗਲ ਕਰ ਦਿੰਦੇ ਹਨ।

“ਸਰ ਜੀ ਤੁਹਾਨੂੰ ਦਫ਼ਤਰ ਵਿੱਚ ਬੁਲਾਇਆ ਹੈ।÷ਰਾਮ ਲਾਲ ਜੀ ਉਸਦੇ ਨਾਲ ਤੁਰ ਪੈਂਦੇ ਹਨ।

“ ਸਰ ਤੁਸੀਂ ਮੈਨੂੰ ਬੁਲਾਇਆ ਹੈ।÷ਅੰਦਰ ਜਾਂਦੇ ਰਾਮ ਲਾਲ ਜੀ ਪੁੱਛਦੇ ਹਨ।

“ਤੁਸੀਂ ਵਾਪਸ ਆ ਰਹੀਆਂ ਪਾਰਟੀਆਂ ਤੋਂ ਸਮਾਨ ਲੈ ਕੇ ਜਮ੍ਹਾਂ ਕਰਨਾ ਹੈ।ਕਾਕਾ ਇਨ੍ਹਾਂ ਨੂੰ ਮੇਜ ਨੰਬਰ ਦੱਸ ਦਿਉ।÷ਸਾਹਿਬ ਕੁਝ ਨਹੀਂ ਬੋਲਦੇ ਪਰ ਉਨ੍ਹਾਂ ਦਾ ਪੀ. ਏ. ਮਾਸਟਰ ਜੀ ਨੂੰ ਨਵੀਂ ਲੱਗੀ ਡਿਊਟੀ ਬਾਰੇ ਦੱਸਦਾ ਹੈ।

“ਸਮਾਨ ਜਮ੍ਹਾਂ ਕਰਵਾਉਣਾ ਹੈ ਜੀ.......!“

“ਹਾਂ ਜੀ ਕੱਲ੍ਹ ਦੇ ਤੁਸੀਂ ਫਰੀ ਵੀ ਤਾਂ ਹੋ।ਹੁਣ ਜਾਉ ਪੋਲਿੰਗ ਪਾਰਟੀਆਂ ਦੇ ਵਾਪਸ ਆਉਣ ਦਾ ਸਮਾਂ ਹੋ ਰਿਹਾ ਹੈ।ਕੱਲ੍ਹ ਦੇ ਥੱਕੇ ਹੋਣਗੇ। “ ਆਖ ਉਨ੍ਹਾਂ ਨੂੰ ਬਾਹਰ ਭੇਜ ਦਿੰਦਾ ਹੈ।ਮਾਸਟਰ ਜੀ ਨੂੰ ਸਮਾਨ ਜਮ੍ਹਾਂ ਕਰਵਾਉਂਦੇ ਕਰਵਾਉਂਦੇ ਰਾਤ ਦੇ ਬਾਰ੍ਹਾਂ ਵੱਜ ਜਾਂਦੇ ਹਨ। ਉਹ ਮਨ ਵਿੱਚ ਸੋਚ ਰਹੇ ਸਨ ਕਿ ਇਸ ਤੋਂ ਚੰਗਾ ਤਾਂ ਡਿਊਟੀ ਹੀ ਕਰ ਲੈਂਦਾ। ਸੱਚੀ ਮੈਨੂੰ ਗੰਡੇ ਵੀ ਖਾਣੇ ਪਏ ਤੇ ਡੰਡੇ ਵੀ। ਨਾਲੇ ਤਾਂ ਦੋ ਦਿਨ ਪਰੇਸ਼ਾਨੀ ਵਿੱਚ ਕੱਟੇ ਤੇ ਨਾਲੇ ਅੱਧੀ ਰਾਤ ਤੱਕ ਡਿਊਟੀ ਵੀ ਕਰਨੀ ਪੈਣੀ ਹੈ।ਉਸ ਤੋਂ ਬਾਅਦ ਮਾਸਟਰ ਜੀ ਨੇ ਕਦੇ ਵੀ ਕਿਸੇ ਨੂੰ ਡਿਊਟੀ ਕਟਵਾਉਣ ਲਈ ਨਹੀਂ ਆਖਿਆ।



**-ਸੰਦੀਪ ਦਿਉੜਾ,**
8437556667

## ਗੀਤ ਸਰਕਾਰੀ ਸਕੂਲ

ਸਾਰੇ ਜ਼ਿੰਦਗੀ ਦੇ ਸਿੱਖਣ ਅਸੂਲ ਚੱਲੀਏ,
ਆਓ ਬੱਚਿਓ ਸਰਕਾਰੀ ਸਕੂਲ ਚੱਲੀਏ।
ਚੰਗਿਆਂ ਦੀ ਕਰੀਦੀ ਚੰਗੀ ਰੀਸ ਬੱਚਿਓ,
ਲੱਗਣੀ ਨੀ ਥੋਡੀ ਕੋਈ ਇੱਥੇ ਫੀਸ ਬੱਚਿਓ।
ਆਜੋ ਦਾਖਲਾ ਕਰਾਓ ਤੇ ਪੜ੍ਹਾਈ ਕਰੀਏ,
ਸਮੇਂ ਦੇ ਪਾਬੰਦ ਲੈ ਕੇ ਆਪਾਂ ਰੂਲ ਚੱਲੀਏ।
ਆਓ ਬੱਚਿਓ ਸਰਕਾਰੀ ਸਕੂਲ ਚੱਲੀਏ।
ਸਿਹਤ ਦਾ ਖ਼ਿਆਲ ਚੰਗਾ ਖਾਣ ਮਿਲੂਗਾ
ਮੁਫ਼ਤ ਕਿਤਾਬਾਂ ਨਾਲ ਉੱਚਾ ਗਿਆਨ ਮਿਲੂਗਾ।
ਮਿਲ਼ੇ ਸਰਕਾਰ ਵੱਲੋਂ ਮੁਫਤ 'ਚ ਵਰਦੀ,
ਪਾਕੇ ਆੜੀਆਂ ਦੇ ਨਾਲ਼ ਝੂਲ-ਝੂਲ ਚੱਲੀਏ।
ਆਓ ਬੱਚਿਓ ਸਰਕਾਰੀ ਸਕੂਲ ਚੱਲੀਏ।
ਪੜ੍ਹਾਈ ਨਾਲ਼ ਖੇਡਾਂ ਤੇ ਟੂਰ ਵੀ ਘੁੰਮਾਉਂਦੇ ਨੇ,
ਸਾਰੇ ਅਧਿਆਪਕ ਪਿਆਰ ਨਾਲ਼ ਪੜ੍ਹਾਉਂਦੇ ਨੇ।
ਨਵੀਂ ਜਮਾਤ ਵਿੱਚ ਹੁਣ ਵੱਧ ਕਰਨੀ ਪੜ੍ਹਾਈ,
ਘਰੇ ਛੱਡ ਕੇ ਬਹਾਨੇ ਸਭ ਫਜ਼ੂਲ ਚੱਲੀਏ।
ਆਓ ਬੱਚਿਓ ਸਰਕਾਰੀ ਸਕੂਲ ਚੱਲੀਏ।
ਬਾਹਰ ਜਾਣ ਦੀ ਹੁਣੇ ਹੀ ਲੱਗੀ ਬਿਮਾਰੀ,
ਇੱਥੋਂ ਪੜ੍ਹੇ ਲੱਗੇ ਪਹਿਲਾਂ ਵੱਡੇ ਅਫ਼ਸਰ ਸਰਕਾਰੀ।
ਚੰਗੇ ਭਵਿੱਖ ਲਈ ਇੱਥੇ ਕਰ ਮਿਹਨਤਾਂ,
ਉਹਦਾ ਵਿਆਜ਼ ਸਮੇਤ ਲੈਕੇ ਮੂਲ ਚੱਲੀਏ।
ਆਓ ਬੱਚਿਓ ਸਰਕਾਰੀ ਸਕੂਲ ਚੱਲੀਏ।
ਇੰਗਲਿਸ਼ ਵਿੱਚ ਵੀ ਇੱਥੇ ਹੁੰਦੀ ਏ ਪੜ੍ਹਾਈ,
ਪਰ ਆਪਣੀ ਬੋਲੀ ਵੀ ਨਹੀਂ ਕਰਨੀ ਪਰਾਈ।
ਸੁਖਚੈਨ ਸਿੰਘ ਮਾਸਟਰ ਕੋਲੋਂ ਲੈਕੇ ਹੱਲਾਸ਼ੇਰੀ,
ਨਾਲ਼ ਸਮੇਂ ਦੇ ਹੋ ਕੇ ਆਪਾਂ ਅਨੁਕੂਲ ਚੱਲੀਏ।
ਆਓ ਬੱਚਿਓ ਸਰਕਾਰੀ ਸਕੂਲ ਚੱਲੀਏ।



**-ਮਾਸਟਰ ਸ. ਸੁਖਚੈਨ ਸਿੰਘ ਕੁਰੜ**
**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂੰਮ (ਬਰਨਾਲਾ)**
9463551814

## ਮੈਂ ਫ਼ੌਜੀ ਬਣਾਂਗੀ

ਪਾਪਾ ਜੀ ਮੈਂ ਫ਼ੌਜੀ ਬਣਾਂਗੀ,
ਸੁਰੱਖਿਆ ਛੱਤਰੀ ਬਣ ਤਣਾਂਗੀ।
ਦੁਸ਼ਮਣ ਤੋਂ ਲੋਹਾ ਮੰਨਵਾਵਾਂ,
ਲੋਹੇ ਦੇ ਮੈਂ ਚਣੇ ਚਬਾਵਾਂ।
ਹੱਥ ਚ' ਬੰਦੂਕ ਜਦ ਮੇਰੇ ਹੋਈ,
ਮੇਰੇ ਸਾਹਮਣੇ ਕਰੂ ਕੀ ਕੋਈ।
ਦਿਨ ਰਾਤ ਮੈਂ ਦੇਵਾਂ ਪਹਿਰਾ,
ਦੇਸ਼ ਵੱਲ ਝਾਕੂ ਕੌੜਾ ਜਿਹੜਾ।
ਏਅਰ ਫੋਰਸ ਵਿੱਚ ਹੋ ਕੇ ਭਰਤੀ,
ਦੇਸ਼ ਆਪਣੇ ਦੀ ਤੱਕਾਂ ਧਰਤੀ।
ਜਾਂ ਨੇਵੀ ਵਿੱਚ ਭਰਤੀ ਹੋ ਜਾਵਾਂ,
ਵੈਰੀ ਦੀਆਂ ਬੰਦ ਕਰਾਂ ਮੈਂ ਰਾਹਵਾਂ।
ਮਿੰਟਾਂ ਵਿੱਚ ਮੈਂ ਕਰਦਿਆਂ ਪਾਰ,
ਦੁਸ਼ਮਣ ਦੀ ਕਰਾਂ ਮਾਰੋ ਮਾਰ।
ਪੜ੍ਹਾਈ ਤੋਂ ਬਾਅਦ ਇਹ ਕਰਾਂਗੀ,
ਦੇਸ਼ ਦੇ ਲਈ ਮੈਂ ਜੀਵਾਂ ਮਰਾਂਗੀ।
ਪਾਪਾ ਜੀ ਪੂਰੀ ਕਰਿਓ ਤਮੰਨਾਂ,
ਹਰ ਇੱਕ ਗੱਲ ਮੈਂ ਥੋਡੀ ਮਨਾਂ।
ਮਾਤਾ ਭਾਗੋ ਤੇ ਝਾਂਸੀ ਦੀ ਰਾਣੀ,
ਪੱਤੋ, ਧੀਆਂ ਦੀ ਅਜ਼ਬ ਕਹਾਣੀ।



**-ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ**
**ਮੋਗਾ ਫੋਨ ਨੰਬਰ**
94658-21417

## ਕਾਵਿ ਕਿਆਰੀ

### ਧੀਆਂ ਪੁੱਤ

ਕਹਿੰਦੇ !ਮੁੱਲ ਮੋੜ ਨੀ ਸਕਦੇ
ਧੀਆਂ ਪੁੱਤ....
ਮਾਪਿਆਂ ਵੱਲੋਂ ਨਿਭਾਏ ਫਰਜਾਂ ਦਾ
ਹੁੰਦੇ ਜੋ ਸਿਆਣੇ ਧੀ ਪੁੱਤ...
ਦਰਦ ਵੰਡਾਂਉਦੇ ਆ ਵਿਦੇਸ਼ੋਂ
ਮਾਪਿਆਂ ਦੇ ਕਰਜਾਂ ਦਾ....

### ਨਿੱਘ

ਧੀ ਪੁੱਤ ਦੇ ਪਿਆਰ ਦਾ ਨਿੱਘ
ਕਰਮਾਂ ਵਾਲਿਆਂ ਨੂੰ ਨਸੀਬ ਹੁੰਦੈ,
ਰੱਬ ਦਾ ਸ਼ੁਕਰ !ਮੈ ਉਨਾਂ ਚੋਂ ਹਾਂ
ਜਿਨਾਂ ਦੇ ਇਹ ਸਭ ਕਰੀਬ ਹੁੰਦੈ!

**-ਅਜੀਤ ਖੰਨਾ**
**ਮੋਬਾਇਲ :** 8544854669

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਸੁਦੇਸ਼ ਕੁਮਾਰ ਬੱਗਾ ਨੇ 'ਸਟਿੰਗ ਆਪ੍ਰੇਸ਼ਨ' ਦਾ ਇਹ ਅੰਕ ਪਲਮਗ ਪ੍ਰਿੰਟਰਜ਼, 448/13, ਅਵਤਾਰ ਨਗਰ, ਜਲੰਧਰ-144001 (ਪੰਜਾਬ) ਤੋਂ ਛਪਵਾ ਕੇ ਹਾਊਸ ਨੰ. 125, ਪਿੰਡ ਮਲਕੋ, ਡਾਕ. ਤਰਾੜ-144026, ਜ਼ਿਲ੍ਹਾ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ। RNI Regd. No. PUNMUL/2012/47956

मालिक, प्रकाशक, प्रिंटर्ज एवं सम्पादक सुदेश कुमार बग्गा ने 'स्टिंग आप्रेशन' का यह अंक पलमग प्रिंटरज, 448/13, अवतार नगर, जालन्धर-144001 (पंजाब) से छपवा कर हाऊस नं. 125, गांव मलको, डाकघर तराड़-144026, जिला जालन्धर (पंजाब) से प्रकाशित किया। RNI Regd. No. PUNMUL/2012/47956

Editor, Printers and Publisher Sudesh Kumar Bagga, Printed at Plamag Printers, 448/13, Avtar Nagar, Jalandhar-144001 (Punjab) and Published from H. No. 125 Vill. Malko, P.O. Trarh. Distt. Jalandhar (Punjab). RNI Regd. No. PUNMUL/2012/47956

☛ 'ਸਟਿੰਗ ਆਪ੍ਰੇਸ਼ਨ' 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿੱਚ ਹੀ ਹੋਵੇਗਾ। ☛ ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ☛ ਖ਼ਬਰਾਂ ਪ੍ਰਤੀ ਜ਼ਿੰਮੇਵਾਰੀ ਸੰਬੰਧਤ ਪੱਤਰਕਾਰ ਦੀ ਹੋਵੇਗੀ।

ਰੋਜ਼ਾਨਾ
ਸਟਿੰਗ ਆਪ੍ਰੇਸ਼ਨ
ਤੁਹਾਡੀ ਬੁਲੰਦ ਆਵਾਜ਼
(ਜਲੰਧਰ)
Sting Operation NEWSPAPER & WEB CHANNEL
Postal Regd. No. PB/JL-067/2024-26
RNI Regd. No. PUN/MUL/2012/47956
ਜਲੰਧਰ । ਮੰਗਲਵਾਰ, 2 ਅਪ੍ਰੈਲ 2024
www.stingoperation.us
E-mail : stingnews24@gmail.com
Visit on facebook
Like us on Facebook www.facebook.com/Sting Operation
WhatsApp No. : 90416-59160
ਮੁੱਖ ਸੰਪਾਦਕ : ਸੁਦੇਸ਼ ਕੁਮਾਰ ਬੱਗਾ
Mob. : 90416-59160 , 0181-7967771, 94177-17088
Asst. Editor : Rakesh Bhatheja

# ਨਾਮਧਾਰੀ ਮੀਡੀਆ ਟੀਮ ਨੇ ਹੋਲੇ ਮਹੱਲੇ ’ਤੇ ਕੀਤੀ ਸੇਵਾ




ਸ੍ਰੀ ਭੈਣੀ ਸਾਹਿਬ ਹੋਲੇ ਮਹੱਲੇ ’ਤੇ ਸੁਖਵਿੰਦਰ ਸਿੰਘ ਸੋਖੀ ਨਾਮਧਾਰੀ ਮੀਡੀਆ ਟੀਮ ਨਾਲ।

ਲੁਧਿਆਣਾ, 1 ਅਪ੍ਰੈਲ (ਲਖਵੀਰ ਬੱਦੋਵਾਲ)-ਨਾਮਧਾਰੀ ਮੀਡੀਆ ਇੰਡੀਆ ਟੀਮ ਵੱਲੋਂ ਸੁਖਵਿੰਦਰ ਸਿੰਘ ਸੋਖੀ (ਦਿੱਲੀ ਵਾਲੇ) ਦੀ ਅਗਵਾਈ ਵਿੱਚ ਸਤਿਗੁਰੂ ਉਦੇ ਸਿੰਘ ਜੀ ਦੀ ਕ੍ਰਿਪਾ ਸਦਕਾ ਜਿੱਥੇ ਕਈ ਸਾਲਾਂ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਦੇ 100 ਸਾਲਾ ਨੂੰ ਸਮਰਪਿਤ ਸਾਖੀਆਂ ਰਿਕਾਰਡ ਕੀਤੀਆਂ ਜਾ ਰਹੀਆਂ ਹਨ। ਇਸ ਹੋਲੇ ਮਹੱਲੇ ਵਿੱਚ ਵੀ ਇਸ ਟੀਮ ਦੇ ਮੈਂਬਰਾਂ ਪਰਵੀਨ ਚੌਹਾਨ, ਸਾਨਾ ਅਫਰੋਜ ਤੇ ਭਾਵਨਾ ਖੰਨਾ ਵੱਲੋਂ ਲਗਾਤਾਰ 4 ਦਿਨ ਫਰੀ ਸਾਖੀਆਂ ਰਿਕਾਰਡ ਕਰਨ ਦੀ ਸੇਵਾ ਕੀਤੀ।



### ਜਿਲ੍ਹਾ ਚੋਣ ਅਫਸਰ ਨੇ ਪੁਲਿਸ ਪ੍ਰਸ਼ਾਸਨ ਨਾਲ ਮੀਟਿੰਗ ਕਰਕੇ

## ਲੋਕ ਸਭਾ ਚੋਣਾਂ-2024 ਕਰਵਾਉਣ ਲਈ ਦਿੱਤੇ ਦਿਸ਼ਾ-ਨਿਰਦੇਸ਼





**ਪਠਾਨਕੋਟ, 1 ਅਪ੍ਰੈਲ (ਵਿਜੇ ਕੁਮਾਰ ਜਿਲੇਦਾਰ ਸੇਵਾਮੁਕਤ ਬਿਉਰੋ ਚੀਫ)-** ਲੋਕ ਸਭਾ ਚੋਣਾਂ ਨੂੰ ਸਫਲਤਾ ਪੂਰਵਕ ਨੇਪਰੇ ਚਾੜਨ ਦੇ ਲਈ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ-ਕਮ-ਜਿਲ੍ਹਾ ਚੋਣ ਅਫਸਰ ਪਠਾਨਕੋਟ ਵੱਲੋਂ ਜਿਲ੍ਹਾ ਪੁਲਿਸ ਪ੍ਰਸਾਸਨ ਨਾਲ ਵਿਸੇਸ ਮੀਟਿੰਗ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਵਿਖੇ ਆਯੋਜਿਤ ਕੀਤੀ ਗਈ। ਇਸ ਮੋਕੇ ਤੇ ਸ੍ਰੀ ਸੁਹੇਲ ਕਾਸਿਮ ਮੀਰ ਐਸ.ਐਸ.ਪੀ. ਪਠਾਨਕੋਟ, ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ)-ਕਮ-ਏ.ਆਰ.ਓ. ਲੋਕ ਸਭਾ ਸੈਗਮੈਂਟ ਭੋਆ, ਮੇਜਰ ਡਾ. ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ-ਕਮ-ਏ.ਆਰ.ਓ. ਲੋਕ ਸਭਾ ਸੈਗਮੈਂਟ ਪਠਾਨਕੋਟ, ਕਾਲਾ ਰਾਮ ਕਾਂਸਲ ਐਸ.ਡੀ.ਐਮ. ਧਾਰ ਕਲ੍ਹਾਂ-ਕਮ-ਏ.ਆਰ.ਓ. ਲੋਕ ਸਭਾ ਸੈਗਮੈਂਟ ਸੁਜਾਨਪੁਰ ਅਤੇ ਜਿਲ੍ਹਾ ਪਠਾਨਕੋਟ ਦੇ ਸਾਰੇ ਥਾਨਿਆਂ ਦੇ ਐਸ.ਐਚ.ਓ. ਹਾਜਰ ਹੋਏ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ-ਕਮ- ਜਿਲ੍ਹਾ ਚੋਣ ਅਫਸਰ ਪਠਾਨਕੋਟ ਨੇ ਸੰਬੋਧਤ ਕਰਦਿਆਂ ਕਿਹਾ ਕਿ ਜਿਵੇਂ ਕਿ ਲੋਕ ਸਭਾ ਚੋਣਾਂ-2024 ਦਾ ਆਗਾਜ ਹੋ ਚੁੱਕਿਆ ਹੈ ਅਤੇ ਚੋਣ ਕਮਿਸਨ ਵੱਲੋਂ ਆਦਰਸ ਚੋਣ ਜਾਬਤਾ ਵੀ ਲਾਗੂ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੋਰਾਨ ਜਿਲ੍ਹਾ ਪਠਾਨਕੋਟ ਦੇ ਸਾਰੇ ਪੁਲਿਸ ਥਾਨਿਆਂ ਦੇ ਐਸ.ਐਚ.ਓ. ਸਾਹਿਬਾਨ ਸਫਲਤਾਂ ਪੂਰਵਕ ਲੋਕ ਸਭਾ ਚੋਣਾਂ ਨੂੰ ਨੇਪਰੇ ਚਾੜਨ ਦੇ ਲਈ ਅਪਣਾ ਸਹਿਯੋਗ ਦੇਣਗੇ ਤਾਂ ਜੋ ਚੋਣਾਂ ਦੇ ਦੋਰਾਨ ਹਰੇਕ ਤਰ੍ਹਾਂ ਦੀ ਅਪਰਾਧਿਕ ਗਤਿਵਿਧੀਆਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ-2024 ਨੂੰ ਧਿਆਨ ਵਿੱਚ ਰੱਖਦਿਆਂ ਅਪਣੇ ਇਲਾਕਿਆਂ ਅੰਦਰ ਨਿਰਧਾਰਤ ਸਮੇਂ ਵਿੱਚ ਜਿਨ੍ਹਾਂ ਲੋਕਾਂ ਕੋਲ ਅਪਣੇ ਲਾਇਸੈਂਸੀ ਹਥਿਆਰ ਹਨ ਉਨ੍ਹਾਂ ਨੂੰ ਜਮ੍ਹਾਂ ਕਰਵਾਉਂਣ ਦੇ ਆਦੇਸ ਦਿੱਤੇ ਜਾਣ ਅਤੇ ਯਕੀਨੀ ਬਣਾਇਆ ਜਾਵੈ ਕਿ ਕਿਸੇ ਵੀ ਲਾਇਸੈਂਸੀ ਹਥਿਆਰ ਨੂੰ ਬਿਨ੍ਹਾਂ ਜਿਲ੍ਹਾ ਚੋਣ ਅਫਸਰ ਦੇ ਛੋਟ ਨਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਅਪਰਾਧਿਕ ਗਤੀਵਿਧੀਆਂ ਨੂੰ ਰੋਕਣ ਦੇ ਲਈ ਪੁਲਿਸ ਨਾਕਿਆਂ ਤੇ ਮੂਸਤੈਦੀ ਵਧਾਈ ਜਾਵੈ ਅਤੇ ਯਕੀਨੀ ਬਣਾਇਆ ਜਾਵੈ ਕਿ ਸਹਿਰ ਅੰਦਰ ਚੱਲਣ ਵਾਲੇ ਪੀ.ਸੀ.ਆਰ. ਨੂੰ ਵੀ ਮੂਸਤੈਦੀ ਨਾਲ ਅਪਣੀ ਡਿਊਟੀ ਨਿਭਾਉਂਣ ਲਈ ਪਾਬੰਦ ਕੀਤਾ ਜਾਵੈ।

### ਲੋਕ ਸਭਾ ਸੈਗਮੈਂਟ-ਭੋਆ ਅਤੇ ਸੁਜਾਨਪੁਰ ਵਿਖੇ ਨੈਟਵਰਕਿੰਗ ਸੈਡੋ ਖੇਤਰਾਂ ਨੂੰ ਲੈ ਕੇ

## ਜ਼ਿਲ੍ਹਾ ਚੋਣ ਅਫਸਰ ਪਠਾਨਕੋਟ ਨੇ ਟੈਲੀਕਾੱਮ ਓਪਰੇਟਰਾਂ ਨਾਲ ਕੀਤੀ ਵਿਸ਼ੇਸ਼ ਮੀਟਿੰਗ



**ਪਠਾਨਕੋਟ, 1 ਅਪ੍ਰੈਲ (ਵਿਜੇ ਕੁਮਾਰ ਜਿਲੇਦਾਰ ਸੇਵਾਮੁਕਤ ਬਿਉਰੋ ਚੀਫ)-**ਲੋਕ ਸਭਾ ਚੋਣਾਂ -2024 ਅਧੀਨ ਅੱਜ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ-ਕਮ-ਜਿਲ੍ਹਾ ਚੋਣ ਅਫਸਰ ਪਠਾਨਕੋਟ ਵੱਲੋਂ ਜਿਲ੍ਹੇ ਵਿੱਚ ਪੈਂਦੇ ਲੋਕ ਸਭਾ ਅਸੈਂਬਲੀ ਸੈਗਮੈਂਟ ਚੋਣ ਹਲਕਾ -001 ਸੁਜਾਨਪੁਰ ਅਤੇ 002 ਭੋਆ (ਅ.ਜ.) ਵਿੱਚ ਪੈਂਦੇ ਨੈਟਵਰਕਿੰਗ ਸੈਡੋ ਖੇਤਰਾਂ ਸਬੰਧੀ ਵਿਸੇਸ ਚਰਚਾ ਲਈ ਜਿਲ੍ਹਾ ਪਠਾਨਕੋਟ ਦੇ ਸਮੂਹ ਟੈਲੀਕੌਮ ਓਪਰੇਟਰਾਂ ਨਾਲ ਇੱਕ ਵਿਸੇਸ ਮੀਟਿੰਗ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਵਿਖੇ ਸਥਿਤ ਮੀਟਿੰਗ ਹਾਲ ਵਿਖੇ ਆਯੋਜਿਤ ਕੀਤੀ ਗਈ। ਇਸ ਮੋਕੇ ਤੇ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ)-ਕਮ-ਏ.ਆਰ.ਓ. ਲੋਕ ਸਭਾ ਅਸੈਂਬਲੀ ਸੈਗਮੈਂਟ ਚੋਣ ਹਲਕਾ-002 ਭੋਆ (ਅ.ਜ.), ਕਾਲਾ ਰਾਮ ਕਾਂਸਲ ਐਸ.ਡੀ.ਐਮ. ਧਾਰ ਕਲ੍ਹਾਂ-ਕਮ-ਏ.ਆਰ.ਓ. ਲੋਕ ਸਭਾ ਅਸੈਂਬਲੀ ਸੈਗਮੈਂਟ ਚੋਣ ਹਲਕਾ-001 ਸੁਜਾਨਪੁਰ, ਯੁਗੇਸ ਕੁਮਾਰ ਜਿਲ੍ਹਾ ਚੋਣ ਕਾਨੂੰਗੋ ਅਤੇ ਬੀ.ਐਸ.ਐਨ.ਐਲ, ਜੀਓ, ਏਅਰਟੈਲ ਆਦਿ ਟੈਲੀਕੌਮ ਓਪਰੇਟਰ ਵੀ ਹਾਜਰ ਸਨ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ-ਕਮ- ਜਿਲ੍ਹਾ ਚੋਣ ਅਫਸਰ ਪਠਾਨਕੋਟ ਨੇ ਸੰਬੋਧਤ ਕਰਦਿਆਂ ਕਿਹਾ ਕਿ ਜਿਵੇਂ ਕਿ ਲੋਕ ਸਭਾ ਚੋਣਾਂ-2024 ਸਫਲਤਾ ਪੂਰਵਕ ਨੇਪਰੇ ਚਾੜਨ ਦੇ ਲਈ ਹਰ ਤਰ੍ਹਾਂ ਦੇ ਅਗੇਤੇ ਪ੍ਰਬੰਧ ਕਰ ਲਏ ਗਏ ਹਨ। ਉਨ੍ਹਾਂ ਕਿਹਾ ਕਿ ਦੇਖਣ ਵਿੱਚ ਆਇਆ ਹੈ ਕਿ ਲੋਕ ਸਭਾ ਅਸੈਂਬਲੀ ਸੈਗਮੈਂਟ ਚੋਣ ਹਲਕਾ-002 ਭੋਆ (ਅ.ਜ.) ਅਤੇ ਲੋਕ ਸਭਾ ਅਸੈਂਬਲੀ ਸੈਗਮੈਂਟ ਚੋਣ ਹਲਕਾ-001 ਸੁਜਾਨਪੁਰ ਖੇਤਰਾਂ ਅੰਦਰ ਸਰਹੱਦੀ ਖੇਤਰਾਂ ਦੇ ਨਾਲ ਲਗਦੇ ਦੋ ਪਿੰਡਾਂ ਅੰਦਰ ਅਤੇ ਧਾਰ ਖੇਤਰ ਦੇ 3-4 ਪਿੰਡਾਂ ਅੰਦਰ ਟੈਲੀਕਾੱਮ ਨੈਟਵਰਕਿੰਗ ਦੀ ਸਮੱਸਿਆ ਹੈ। ਉਨ੍ਹਾਂ ਮੀਟਿੰਗ ਦੋਰਾਨ ਵੱਖ ਵੱਖ ਕੰਪਨੀਆਂ ਦੇ ਟੈਲੀਕੌਮ ਉਪਰੇਟਰਾਂ ਨੂੰ ਆਦੇਸ ਦਿੰਦਿਆਂ ਕਿਹਾ ਕਿ ਇਨ੍ਹਾਂ ਪਿੰਡਾਂ ਅੰਦਰ ਨੈਟਵਰਕ ਪੂਰੀ ਤਰ੍ਹਾਂ ਨਾਲ ਮੂਹੇਈਆਂ ਕਰਵਾਉਂਣ ਦੇ ਲਈ ਕਾਰਜ ਕੀਤਾ ਜਾਵੇ ਤਾਂ ਜੋ ਲੋਕ ਸਭਾ ਚੋਣਾਂ ਦੋਰਾਨ ਕਿਸੇ ਤਰ੍ਹਾਂ ਦੀ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਵੱਖ ਵੱਖ ਕੰਪਨੀਆਂ ਦੇ ਟੈਲੀਕੌਮ ਉਪਰੇਟਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜਿਲ੍ਹਾ ਪਠਾਨਕੋਟ ਅੰਦਰ ਲੋਕ ਸਭਾ ਚੋਣਾਂ-2024 ਨੂੰ ਲੈ ਕੇ 371 ਲੋਕੇਸਨ ਬਣਾਈਆਂ ਗਈਆਂ ਹਨ ਅਤੇ ਆਉਂਣ ਵਾਲੇ ਦੋ ਦਿਨ੍ਹਾਂ ਦੇ ਅੰਦਰ ਹਰੇਕ ਟੈਲੀਕੌਮ ਓਪਰੇਟਰ ਸਰਵੇ ਕਰਵਾ ਕੇ ਰਿਪੋਰਟ ਬਣਾਉਂਣਗੇ ਕਿ ਕਿਸ ਲੋਕੇਸਨ ਤੇ ਨੈਟਵਰਕਿੰਗ ਦੀ ਸਮੱਸਿਆ ਹੈ। ਉਨ੍ਹਾਂ ਕਿਹਾ ਕਿ ਜਿੱਥੇ ਵੀ ਨੈਟਵਰਕਿੰਗ ਦੀ ਸਮੱਸਿਆ ਹੈ ਉਸ ਖੇਤਰ ਅੰਦਰ ਟੈਲੀਕੌਮ ਓਪਰੇਟਰਾਂ ਵੱਲੋਂ ਨੈਟਵਰਕ ਮੂਹੇਈਆਂ ਕਰਵਾਇਆ ਜਾਵੇਗਾ ਤਾਂ ਜੋ ਲੋਕ ਸਭਾ ਚੋਣਾਂ -2024 ਦੋਰਾਨ ਕਿਸੇ ਤਰ੍ਹਾਂ ਦੀ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੋਕੇ ਤੇ ਉਨ੍ਹਾਂ ਵੱਲੋਂ ਐਕਸਾਈਜ ਵਿਭਾਗ ਨਾਲ ਵੀ ਵਿਸੇਸ ਮੀਟਿੰਗ ਕੀਤੀ । ਇਸ ਮੋਕੇ ਤੇ ਸਰਾਬ ਦੇ ਠੇਕੇ ਲੈਣ ਵਾਲੀਆਂ ਜਿਲ੍ਹਾ ਪਠਾਨਕੋਟ ਦੀਆਂ ਵੱਖ ਵੱਖ ਫਰਮਾਂ ਦੇ ਨੁਮਾਇੰਦੇ ਵੀ ਵਿਸੇਸ ਤੋਰ ਤੇ ਹਾਜਰ ਹੋਏ। ਇਸ ਮੋਕੇ ਤੇ ਜਿਲ੍ਹਾ ਚੋਣ ਅਫਸਰ ਪਠਾਨਕੋਟ ਨੇ ਸਰਾਬ ਦਾ ਠੇਕਾ ਚੁੱਕਣ ਵਾਲੇ ਵੱਖ ਵੱਖ ਠੇਕੇਦਾਰਾਂ ਨੂੰ ਆਦੇਸ ਜਾਰੀ ਕਰਦਿਆਂ ਕਿਹਾ ਕਿ ਚੋਣਾਂ ਦੇ ਦੋਰਾਨ ਮਾਨਯੋਗ ਚੋਣ ਕਮਿਸਨਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੈ। ਉਨ੍ਹਾਂ ਕਿਹਾ ਕਿ ਐਕਸਾਈਜ ਪਾਲਿਸੀ ਅਧੀਨ ਜਿਸ ਖੇਤਰ ਦਾ ਉਨ੍ਹਾਂ ਨੂੰ ਠੇਕਾ ਦਿੱਤਾ ਗਿਆ ਹੈ ਉਸ ਖੇਤਰ ਅੰਦਰ ਹੀ ਅਪਣਾ ਬਿਜਨੈਸ ਕੀਤਾ ਜਾਵੇ ਅਤੇ ਅਗਰ ਕਿਸੇ ਤਰ੍ਹਾਂ ਦੇ ਸਰਾਰਤੀ ਤੱਤਾਂ ਵੱਲੋਂ ਉਨ੍ਹਾਂ ਕੋਲੋ ਸਰਾਬ ਦੇ ਬਲਕ ਦੀ ਡਿਮਾਂਡ ਆਉਂਦੀ ਹੈ ਤਾਂ ਇਸ ਦੀ ਸੂਚਨਾਂ ਜਿਲ੍ਹਾ ਪ੍ਰਸਾਸਨ ਨੂੰ ਦਿੱਤੀ ਜਾਵੇ ਅਤੇ ਨਿਯਮਾਂ ਦੀ ਪਾਲਣਾ ਕਰਦਿਆਂ ਅਪਣਾ ਕਾਰੋਬਾਰ ਕੀਤਾ ਜਾਵੈ।

### ਐਕਸਾਈਜ ਵਿਭਾਗ ਨਾਲ ਮੀਟਿੰਗ ਕਰਕੇ ਲੋਕ ਸਭਾ ਚੋਣਾਂ ਦੋਰਾਨ ਕੀਤੇ ਜਾਣ ਵਾਲੇ ਕਾਰਜਾਂ ਅਧੀਨ ਦਿੱਤੇ ਦਿਸ਼ਾ-ਨਿਰਦੇਸ਼

### ਗੀਤ

## ਪੀਲੇ ਪੱਤੇ



ਟਾਹਣੀਆਂ 'ਤੇ ਪੀਲੇ ਪੱਤਿਆਂ ਨੂੰ ਨਾ ਤੋੜੋ।
ਕੁਝ ਹੀ ਦਿਨਾਂ ਵਿੱਚ ਆਪਣੇ ਆਪ ਝੜ ਜਾਣਗੇ।

ਕਿਰਪਾ ਕਰਕੇ ਬਜ਼ੁਰਗਾਂ ਕੋਲ ਬੈਠੋ।
ਇੱਕ ਦਿਨ ਉਹ ਆਪ ਹੀ ਚੁੱਪ ਹੋ ਜਾਣਗੇ

ਤੁਸੀਂ ਲੋਕੋ, ਉਨ੍ਹਾਂ ਨੂੰ ਖੁੱਲ੍ਹਾ ਖਰਚ ਕਰਨ ਦਿਓ।
ਇੱਕ ਦਿਨ ਸੱਭ ਕੁੱਝ ਤੁਹਾਡੇ ਲਈ ਛੱਡ ਜਾਣਗੇ।

ਗੱਲਾਂ ਨੂੰ ਵਾਰ-ਵਾਰ ਦੁਹਰਾਉਣ ਲਈ ਉਹਨਾਂ ਨੂੰ ਨਾ ਟੋਕੋ
ਇੱਕ ਦਿਨ ਉਹ ਆਪੇ ਹੀ ਸਦਾ ਲਈ ਚੁੱਪ ਹੋ ਜਾਣਗੇ

ਆਪਣੇ ਸਿਰ 'ਤੇ ਉਨ੍ਹਾਂ ਦਾ ਆਸ਼ੀਰਵਾਦ ਲਓ
ਨਹੀਂ ਤਾਂ ਉਹ ਤਸਵੀਰਾਂ 'ਚ ਹੀ ਨਜ਼ਰ ਆਉਣਗੇ।

ਉਹਨਾਂ ਨੂੰ ਉਹਨਾਂ ਦੀ ਪਸੰਦ ਦਾ ਕੁੱਝ ਖੁਆਓ
ਫਿਰ ਸ਼ਰਾਧ ਵਿੱਚ ਵੀ ਉਹ ਦੇਖਣ ਅਤੇ ਖਾਣ ਨਹੀਂ ਆਉਣਗੇ।

--ਪੇਸ਼ਕਸ਼ ✶--
**ਵਿਜੇ ਕੁਮਾਰ ਜਿਲੇਦਾਰ ਸੇਵਾ ਮੁਕਤ**
**ਬਿਊਰੋ ਚੀਫ ਸਟਿੰਗ ਆਪ੍ਰੇਸ਼ਨ ਅਖ਼ਬਾਰ, ਪਠਾਨਕੋਟ**

## 2,000 ਰੁਪਏ ਰਿਸ਼ਵਤ ਲੈਂਦਾ ਪਟਵਾਰੀ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ



**ਪਠਾਨਕੋਟ, 01 ਅਪ੍ਰੈਲ (ਵਿਜੇ ਕੁਮਾਰ ਜਿਲੇਦਾਰ ਸੇਵਾਮੁਕਤ ਬਿਉਰੋ ਚੀਫ)-**ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਅੱਜ ਮਾਲ ਹਲਕਾ ਪਿੰਡ ਕੋਟ ਜਿਲਾ ਪਠਾਨਕੋਟ ਵਿਖੇ ਤਾਇਨਾਤ ਪਟਵਾਰੀ ਯਸ਼ਪਾਲ ਨੂੰ 2,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ, ਜੋ ਕਿ ਪਿੰਡ ਮੱਲਪੁਰ ਜਿਲਾ ਪਠਾਨਕੋਟ ਦਾ ਰਹਿਣ ਵਾਲਾ ਹੈ, ਨੂੰ ਸੰਜੀਵ ਸ਼ਰਮਾ ਵਾਸੀ ਪਿੰਡ ਤਿਹੜੀ ਟਿਕਾ ਬਾਸਾ, ਤਹਿਸੀਲ ਧਾਰ ਕਲਾਂ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਕਤ ਮੁਲਜ਼ਮ ਨੇ ਮਾਲ ਰਿਕਾਰਡ ਵਿੱਚ ਉਸ ਦੇ ਨਾਮ ਉਪਰ ਜ਼ਮੀਨ ਦੀ ਮਾਲਕੀ ਤਬਦੀਲ ਕਰਨ ਬਦਲੇ 3,000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਹੈ ਅਤੇ ਇਸ ਸਬੰਧੀ 400 ਰੁਪਏ ਪਹਿਲਾਂ ਹੀ ਲੈ ਚੁੱਕਾ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਵਿੱਚ ਮੁਲਜ਼ਮ ਪਟਵਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਰਿਸ਼ਵਤ ਦੀ ਦੂਜੀ ਕਿਸ਼ਤ ਵਜੋਂ ਸ਼ਿਕਾਇਤਕਰਤਾ ਤੋਂ 2,000 ਰੁਪਏ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।

ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਕਾਰਵਾਈ ਜਾਰੀ ਹੈ।


ਸਟਿੰਗ ਆਪ੍ਰੇਸ਼ਨ
Jalandhar
STING OPERATION
(Daily Newspaper & Web Channel)
ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ
--- : Contact :---
90416-59160
stingnews24@gmail.com



ਸਟਿੰਗ ਆਪ੍ਰੇਸ਼ਨ
www.stingoperation.us ਜਲੰਧਰ
ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ
Contact : 90416-59160

दैनिक
आप की अपनी आवाज
# स्टिंग आप्रेशन
Postal Regd. No. PB/JL-067/2024-26
RNI Regd. No. PUNMUL/2012/47956
www.stingoperation.us, E-mail : stingnews24@gmail.com
STING OPERATION
(Newspaper & Web Channel)
जालन्धर, मंगलवार, 2 अप्रैल 2024
वर्ष-13, अंक नं. -48, मुख्य सम्पादक : सुदेश कुमार बग्गा मो. (+91) 90416-59160, 94177-17088, सहायक सम्पादक : राकेश भटेजा






## RBI के फाऊंडेशन डे पर पी.एम. मोदी ने कहा
# 'पिछले 10 सालों में जो हुआ वह सिर्फ ट्रेलर था'

भारतीय रिजर्व बैंक के 90वें स्थापना वर्ष पर पी.एम. नरेंद्र मोदी ने मुंबई में सभा को सम्बोधित किया। इस दौरान प्रधानमंत्री ने कहा कि पिछले 10 वर्षों में शासनकाल के दौरान जो कुछ भी हुआ...

**स्टिंग आप्रेशन की विशेष रिपोर्ट**



Rakesh Bhateja
Assistant Editor
Daily Sting Operation
98722-53436

रिजर्व बैंक के 90 वर्ष पूरे होने के अवसर पर पी.एम. मोदी ने मुंबई में सभा को सम्बोधित किया। इस दौरान उन्होंने कहा कि एक दशक पहले बैंकिंग सैक्टर गहरे तनाव में था, लेकिन अब बैंकिंग सिस्टम फायदे में हैं और रिकॉर्ड लेवल पर लोन मुहैया करा रहा है। भारतीय बैंकिंग सैक्टर में हुए बदलाव एक केस स्टडी है। सरकारी बैंकों में केंद्र सरकार ने 3.5 लाख करोड़ रुपए लगाएं ताकि उन बैंकों को दोबारा से जागृत किया जा सके। यू.पी.आई. को अब दुनिया भर में पहचान मिल रहा है। आर.बी.आई. भी सैंट्रल बैंक डिजिटल करंसी पर काम कर रहा है। सुगम बैंकिंग और आसानी से लोन मुहैया हो सके, पी.एम. मोदी ने इसपर भी जोर दिया। वहीं आर.बी.आई. की मॉनिट्री पॉलिसी कमेटी को लेकर उन्होंने कहगा कि महंगाई के टारगेट को लेकर उन्होंने बढ़िया काम किया है। पी.एम. मोदी ने कहा कि पिछले 10 सालों में जो भी हुआ, वह मात्र एक ट्रेलर था। देश को अभी और आगे लेकर जाना है और अभी बहुत कुछ करना बाकी है। उन्होंने कहा कि इस समय जो लोग आर.बी.आई. से जुड़े हैं, उन्हें मैं बहुत सौभाग्यशाली मानता हूं। आज आप जो नीतियां बनाएंगे, जो काम करेंगे उनसे आरबीआई के अगले दशक की दिशा तय होगी। ये दशक इस संस्थान को उसके शताब्दी वर्ष तक ले जाने वाला दशक है और ये दशक विकसित भारत की संकल्प यात्रा के लिए भी उतना ही अहम है।

Sting Operation
NEWSPAPER & WEB CHANNEL
Contact 90416-59160
Exclusive

### आर.बी.आई. को मॉनिटरिंग टूल पर सोचना चाहिए

पी.एम. नरेन्द्र मोदी ने कहा कि दुनिया के बड़े देश कोविड की मार से उबरने की कोशिश कर रहे हैं, वहीं भारतीय अर्थव्यवस्था नई ऊंचाई को छू रहा है। उन्होंने कहा कि आरबीआई को मॉनिटरिंग टूल पर सोचना चाहिए।वह ग्लोबल लीडर की भूमिका निभा सकता है। अगले 10 साल के टारगेट तय करते हुए हमें भारत के युवाओं की इच्छाओं को ध्यान रखने की जरूरत है।आर.बी.आई. की इसमें बड़ी भूमिका हो सकती है। पीएम ने कहा कि हम आज इकोनॉमी के कई क्षेत्रों में हमने कई उपलब्धियां हासिल की हैं। रिजर्व बैंक को आगे आऊट ऑफ द बॉक्स सोचना होगा।

### फायदे में आई भारत की बैंकिंग व्यवस्था

**पी.एम. मोदी ने अपने संबोधित में कहा कि मैं जब 2014 में रिजर्व बैंक के** 'अस्सी-वें' वर्ष के कार्यक्रम में आया था, तब हालात एकदम अलग थे। भारत का पूरा बैंकिंग सैक्टर समस्याओं और चुनौतियों से जूझ रहा था।एन.पी.ए. को लेकर भारत के बैंकिंग सिस्टम की स्टेबिलिटी और उसके भविष्य को लेकर हर कोई आशंका से भरा हुआ था। आज देखिए आज भारत के बैंकिंग सिस्टम को दुनिया में एक मजबूत और सतत सिस्टम माना जा रहा है।जो बैंकिंग सिस्टम कभी डूबने की कगार पर था, वो बैंकिंग सिस्टम अब प्रॉफिट में आ गया है और लोन देने में रिकॉर्ड वृद्धि देखी गई है।

## इलैक्टोरल बांड पर बोले प्रधानमंत्री नरेंद्र मोदी
# जो लोग इस पर नाच रहे हैं, वो पक्का पछताने वाले हैं

**नई दिल्ली। स्टिंग आप्रेशन ब्यूरो**

लोकसभा चुनाव से पहले चुनावी चंदे या इलैक्टोल बांड का मुद्दा काफी गरमाया हुआ है। सुप्रीम कोर्ट ने इस मामले में स्टेट बैंक ऑफ इंडिया को कई बार कड़ी फटकार लगाई है और चुनाव आयोग को इससे संबंधित सारी जानकारियां साझा करने को कहा है। इस मुद्दे पर पीएम मोदी ने एक यूट्यूब चैनल के लिए हुए इंटरव्यू के दौरान पूछे गए सवालों के जवाब दिए। पीएम मोदी ने कहा-मुझे बताइए कि ऐसे मैंने क्या किया है जिस कारण मुझे सेट बैक हो, मैं पक्का मानता हू जो लोग इन पर नाच रहे हैं, वो पक्का पछताने वाले है। पी.एम. मोदी ने कहा कि 2014 से पहले जितने भी चुनाव हुए, उस चुनाव में राजनीतिक पार्टियों का खर्चा तो हुआ होगा तो कोई एजेंसी बता दे कि पार्टियों के पास पैसा कहां से आया था, पैसा कहां खर्च हुआ था? ये तो मोदी ने इलेक्टोरल बांड बनाया इसलिए सभी जान पा रहे हैं कि पैसा कहां लिया, कहां दिया, किसने लिया और किसको दिया. वरना कहां पता चलता कि कैसे क्या हुआ।आज आपको ट्रेल मिल रहे हैं।पीएम ने कहा कि कोई व्यवस्था पूरी नही होती, उसमें कमियां हो सकती हैं और कमियों को सुधारा जा सकता है, बांड होता तो पता चलता पैसा कहां गया।

### ई.डी. स्वतंत्र रूप से काम करती है

**ई.डी. के संबध में पी.एम. से जब प्रश्न पूछा** गया तो जवाब में उन्होंने कहा कि जो आप कह रहे है, क्या ईडी हमारी सरकार आने के बाद बना है? पी.एम.एल.ए. का कानून हमने बनाया है। ईडी स्वंतत्र है, न उसे हम रोकते हैं और न उसे हम भेजते हैं।उसे स्वतंत्र रूप से काम करना होगा। हमारा इस सब मामले से कोई संबध नहीं है। ईडी के पास 7000 केस हैं और 3 प्रतिशत से भी कम वे केस हैं जो पॉलिटक्स से जुडे हैं। उन्होंने कैश बरामद किया 35 लाख का, 2200 करोड़ रुपये का, एजेंसी के ऑपरेशन लीक नही होते, नोटों के ढ़ेर पकड़े जा रहे हैं।



**सुप्रीम कोर्ट से मुस्लिम पक्ष को बड़ा झटका**

# धार में भोजशाला परिसर के ए. एस. आई. के सर्वे पर रोक लगाने से इंकार

**स्टिंग आप्रेशन की विशेष रिपोर्ट**



Nitin Chadha
Ass. Joint Editor
Daily Sting Operation

सुप्रीम कोर्ट ने मध्य प्रदेश के धार जिले में भोजशाला परिसर का भारतीय पुरातत्व सर्वेक्षण (ए.एस.आई.) के सर्वे पर रोक लगाने से इंकार कर दिया है। इससे मुस्लिम पक्ष को तगड़ा झटका लगा है। ए.एस.आई. सर्वे के खिलाफ याचिका पर सुनवाई करते हुए कोर्ट ने केंद्र सरकार, ए.एस.आई. और मध्य प्रदेश सरकार को नोटिस जारी किया। भोजशाला में सर्वे पर रोक की मांग को लेकर मौलाना कमाल वैल्फेयर सोसायटी ने याचिका दाखिल की थी। सुप्रीम कोर्ट ने अंतरिम निर्देश में कहा है कि सर्वेक्षण के नतीजे के आधार पर उसकी अनुमति के बिना कोई कार्रवाई नहीं की जानी चाहिए। कोर्ट ने स्पष्ट किया कि विवादित स्थलों पर कोई भौतिक खुदाई नहीं की जानी चाहिए जिससे इसका स्वरूप बदल जाए। बता दें कि भोजशाला-कमाल मौला मस्जिद परिसर में भारतीय पुरातत्व सर्वेक्षण (ए.एस.आई.) के अदालत की निगरानी में किए जा रहे सर्वेक्षण के तहत खुदाई की प्रक्रिया जारी है। सर्वेक्षण की जानकारी रखने वाले एक व्यक्ति ने बताया कि खुदाई के दौरान एकत्रित मिट्टी और पत्थर एएसआई द्वारा सुरक्षित रखे जा रहे हैं। यह सर्वेक्षण 22 मार्च को शुरू हुआ था। हिंदुओं का प्रतिनिधित्व करने वाले आशीष गोयल इस प्रक्रिया के दौरान ए.एस.आई. दल के साथ रहे। उन्होंने कहा कि नयी वैज्ञानिक पद्धतियों, ग्राऊंड पेनेट्रेटिंग रडार (जीपीआर), ग्लोबल पॉजिशनिंग सिस्टम (जी.पी.एस.), कार्बन डेटिंग का इस्तेमाल कर बिना किसी विराम के सर्वेक्षण किया जा रहा है। उन्होंने बताया कि परिसर की वीडियोग्राफी और फोटोग्राफी भी करायी जा रही है।

**क्या है विवाद?**

हिंदू और मुस्लिम दोनों इस परिसर पर अपना दावा जता रहे हैं। हिंदू भोजशाला को वाग्देवी को समर्पित एक मंदिर मानते हैं जबकि मुस्लिम उसे कमाल मौला मस्जिद बताते हैं। ए.एस.आई. के 7 अप्रैल 2003 को जारी आदेश के अनुसार तय व्यवस्था के मुताबिक हिंदुओं को प्रत्येक मंगलवार भोजशाला में पूजा करने की अनुमति है, जबकि मुस्लिमों को हर शुक्रवार इस जगह पर नमाज अदा करने की अनुमति दी गई है।

# बलूचिस्तान में अज्ञात बंदूकधारियों ने की अंधाधुंध फायरिंग, 2 पाकिस्तानी सैनिकों की मौत, 4 घायल

**कराची। स्टिंग आप्रेशन ब्यूरो**

पाकिस्तान के अशांत बलूचिस्तान प्रांत में बंदरगाह शहर ग्वादर के पास अज्ञात बंदूकधारियों ने पाकिस्तानी सेना के बम निरोधक दस्ते पर अंधाधुंध गोलीबारी की। गोलीबारी में दो पाकिस्तानी सैनिकों की मौत हो गई और चार अन्य जख्मी हो गए। 'डॉन' अखबार ने सोमवार को खबर दी है कि पाकिस्तानी फौज की बम निरोधक टीम ग्वादर जिले के अंकारा डैम इलाके में बारूदी सुरंगों को निष्क्रिय करने में व्यस्त थी तभी बंदूकधारियों ने रविवार को उनपर गोलीबारी कर दी। अधिकारियों ने बताया कि इस हमले में 2 सुरक्षा कर्मियों की मौत हुई है और 4 अन्य जख्मी हुए हैं। ग्वादर के वरिष्ठ पुलिस अधीक्षक (एस.एस.पी.) मोहसिन जोहेब ने बताया कि गोलीबारी की घटना बंदरगाह शहर (ग्वादर) से लगभग 25 किमी दूर हुई, जिसमें दो लोगों की जान चली गई और चार अन्य जख्मी हो गए। उन्होंने बताया कि घटना के बाद घायलों को नजदीकी अस्पताल भेजा गया है। सुरक्षा बलों ने हमलावरों का पता लगाने के लिए इलाके में तलाशी अभियान शुरू कर दिया है। किसी भी समूह ने हमले की जिम्मेदारी नहीं ली है। गौरतलब है कि, अलगाववादी बलूचिस्तान लिबरेशन आर्मी (बी.एल.ए.) ने अतीत में ग्वादर में हुए ज्यादातर हमलों की जिम्मेदारी ली है। बीएलए बलूचिस्तान में चीन के निवेश का विरोध करता है। वह चीन और पाकिस्तान पर संसाधन संपन्न प्रांत के शोषण का आरोप लगाता है। इस आरोप को अधिकारियों ने खारिज किया है। बी.एल.ए. ने 24 मार्च को बंदरगाह प्राधिकरण परिसर पर हमले की जिम्मेदारी भी ली थी।इस दौरान पाकिस्तानी सुरक्षाबलों ने मुठभेड़ में प्रतिबंधित अलगाववादी समूह के आठ आतंकवादियों को मार गिराया था।








## बहुचर्चित दिल्ली शराब घोटाला

# सी.एम. केजरीवाल को 15 अप्रैल तक न्यायिक हिरासत में भेजा

धार्मिक लॉकेट पहनने की इजाजत मांगी, दिल्ली के मुख्यमंत्री अरविंद केजरीवाल को 15 अप्रैल तक कोर्ट ने जेल में भेज दिया है। रिमांड खत्म के बाद ई.डी. ने आज उन्हें कोर्ट में पेश किया...

**स्टिंग आप्रेशन की विशेष रिपोर्ट**



**Sumit Bhateja**
Joint Editor
Daily Sting Operation

दिल्ली के मुख्यमंत्री अरविंद केजरीवाल को राऊज एवेन्यू कोर्ट ने 15 दिन की न्यायिक हिरासत में भेज दिया है। अब केजरीवाल 15 अप्रैल तक जेल में रहेंगे। माना जा रहा है कि उन्हें तिहाड़ जेल में रखा जा सकता है। केजरीवाल को तिहाड़ के 5 नम्बर जेल में रखा जा सकता है। इसको लेकर तिहाड़ जेल में हाईलेवल मीटिंग भी हुई है। कस्टडी खत्म होने पर केजरीवाल को ईडी ने सोमवार को कोर्ट में पेश किया। ई.डी. ने कोर्ट से कहा है कि हम न्यायिक हिरासत की मांग कर रहे हैं। मिली जानकारी के अनुसार, ई.डी. ने राऊज एवेन्यू कोर्ट में एक आवेदन दायर कर दिल्ली के सी.एम. अरविंद केजरीवाल को न्यायिक हिरासत में भेजने का निर्देश देने की मांग की है और कहा है कि फिलहाल हिरासत में और पूछताछ की जरूरत नहीं है। अतिरिक्त सॉलिसिटर जनरल एस.वी. राजू ई.डी. की ओर से कोर्ट में पेश हुए। ई.डी. की तरफ से पेश हुए अतिरिक्त सॉलिसिटर जनरल एस.वी. राजू ने कोर्ट को बताया कि केजरीवाल अपने मोबाइल फोन का पासवर्ड नहीं बता रहे हैं। ईडी ने कोर्ट को बताया कि अरविंद केजरीवाल ने डिजिटल डिवाइस के पासवर्ड नहीं बताए हैं। केवल गोलमोल जवाब दिया है। उन्होंने यह कहा कि मैं नहीं जानता, मैं नहीं जानता। बस यही उत्तर है।


Sting Operation
NEWSPAPER & WEB CHANNEL
Contact 90416-59160
Exclusive


### केजरीवाल ने किताब और दवा पास रखने की इजाजत मांगी

**अरविंद केजरीवाल ने जेल में भागवत गीता, रामायण, हाऊ प्राइम** मिनिटक डिसाइड्स किताब अपने पास रखने की इजाजत मांगी है। जेल में धार्मिक लॉकेट पहनने की भी इजाजत मांगी है। इसके अलावा दवा और स्पैशल डाइट की भी मांग की है। बता दें कि दिल्ली के पूर्व डिप्टी सीएम मनीष सिसोदिया, सांसद संजय सिंह, आप नेता विजय नायर और पूर्व मंत्री सतेंद्र जैन भी जेल में अभी बंद हैं।

### ई.डी. का बड़ा दावा, केजरीवाल ने पूछताछ में लिया आतिशी और सौरभ भारद्वाज का नाम





दिल्ली शराब घोटाला में मामले में ईडी की रिमांड खत्म होने के बाद सीएम अरविंद केजरीवाल को 15 अप्रैल तक की न्यायिक हिरासत में भेज दिया गया है। इस बीच ईडी की ओर से बड़ा खुलासा किया गया है। एएसजी एसवी राजू ने कहा है कि केजरीवाल ने पूछताछ में बताया कि विजय नायर मुझे नहीं बल्कि आतिशी को रिपोर्ट करता था। ए.एस.जी. राजू ने कोर्ट मे कहा कि - विजय नायर केजरीवाल के करीबी रहे हैं। केजरीवाल ने पूछताछ में कहा कि नायर उन्हें रिपोर्ट नहीं करता था वो आतिशी और सौरभ भारद्वाज को करता था। आपको बता दें कि आतिशी और सौरभ का नाम पहली बार कोर्ट में लिया गया। अब तक मिली जानकारी के मुताबिक अरविंद केजरीवाल ने जिस समय सौरभ भारद्वाज का नाम लिया उस वक्त सौरव भारद्वाज कोर्ट रूम में ही मौजूद थे। अपना नाम सुनकर सौरभ एकदम चौंक गए और उन्होंने अपने साथ खड़ी सुनीता केजरीवाल की तरफ देखा।

## इनकम टैक्स विभाग से कांग्रेस को राहत

# लोकसभा चुनाव के दौरान नहीं लिए जाएंगे कठोर कदम

इनकम टैक्स विभाग ने कांग्रेस पार्टी को बड़ी राहत दी है। आयकर विभाग ने अदालत से कांग्रेस से कर वसूली के इस मामले को जून में सुनवाई के लिए पोस्ट करने का आग्रह किया है...

**नई दिल्ली। स्टिंग आप्रेशन ब्यूरो**





लोकसभा चुनाव के दौरान इनकम टैक्स की ओर से भेजे गए नोटिस के मामले में परेशान कांग्रेस पार्टी को बड़ी राहत मिली है। आयकर विभाग ने सुप्रीम कोर्ट में बयान दिया है कि वह लोकसभा चुनाव के दौरान कांग्रेस पार्टी से 1700 करोड़ रुपये की वसूली के लिए कोई कठोर कदम नहीं उठाएगा। जानकारी के मुताबिक, आयकर विभाग का कहना है कि वह चुनाव के दौरान किसी भी पार्टी के लिए परेशानी खड़ी नहीं करना चाहता। विभाग के इस बयान के बाद कांग्रेस पार्टी को राहत मिलने की उम्मीद है। सुप्रीम कोर्ट ने आयकर विभाग का प्रतिनिधित्व कर रहे सॉलिसिटर जनरल तुषार मेहता की दलीलों को रिकॉर्ड में लिया कि लोकसभा चुनावों के मद्देनजर कांग्रेस पार्टी के खिलाफ कोई कठोर कदम नहीं उठाया जाएगा। सुप्रीम कोर्ट की बेंच ने एसजी मेहता का बयान दर्ज किया कि अगली तारीख तक 3500 करोड़ रुपये की मांग के संबंध में कोई कठोर कदम नहीं उठाया जाएगा। मुख्य अपीलें जुलाई में योग्यता के आधार पर सुनवाई के लिए सूचीबद्ध की जाएंगी।

### 3,567 करोड़ रुपए के कर की मांग

**पी.टी.आई. के मुताबिक, लोकसभा चुनाव से** ठीक पहले कांग्रेस को आयकर विभाग से एक बार फिर नया नोटिस मिला था जिसके जरिये आकलन वर्ष 2014-15 से 2016-17 तक के लिए 1,745 करोड़ रुपये के कर की मांग की गई थी। सूत्रों ने रविवार को यह जानकारी दी। आयकर विभाग द्वारा कांग्रेस से अब तक कुल 3,567 करोड़ रुपए के टैक्स की मांग की जा चुकी है। कांग्रेस पार्टी ने कहा था कि अधिकारियों ने पिछले वर्षों से संबंधित कर मांग के लिए पार्टी के खातों से 135 करोड़ रुपए पहले ही निकाल लिए हैं।

### जून माह में सुनवाई करने का आग्रह

आयकर विभाग ने अदालत से कांग्रेस से कर वसूली के इस मामले को जून में सुनवाई के लिए पोस्ट करने का आग्रह किया है। आयकर विभाग का कहना है कि वह चुनाव के दौरान किसी भी पार्टी के लिए परेशानी खड़ी नहीं करना चाहता। विभाग के इस बयान के बाद कांग्रेस पार्टी को राहत मिलने की उम्मीद है।



इजराइल में सबसे बड़ा सरकार विरोधी प्रदर्शन

# प्रधानमंत्री नेतन्याहू के खिलाफ सड़कों पर उतरे लोग, आगजनी का तांडव

**स्टिंग आप्रेशन की विशेष रिपोर्ट**

इजराइल और हमास के बीच जारी जंग के बीच प्रधानमंत्री बेंजामिन नेतन्याहू अपने ही देश में घिरते हुए नजर आ रहे हैं। नेतन्याहू के खिलाफ लोगों में गुस्सा भी देखने को मिल रहा है। हमास के खिलाफ बीते साल अक्तूबर में युद्ध शुरू होने के बाद से सबसे बड़े सरकार विरोधी प्रदर्शन के तहत रविवार को हजारों इजराइली यरूशलम में संसद भवन के बाहर जमा हुए। प्रदर्शनकारियों ने सरकार से गाजा में हमास की तरफ से बंधक बनाए गए दर्जनों लोगों को छुड़ाने के लिए समझौते पर पहुंचने और निर्धारित समय से पहले चुनाव कराने का अनुरोध किया। देखने वाली बात यह भी है कि, लगभग छह महीने से जारी युद्ध को लेकर इजराइली समाज में मतभेद भी नजर आने लगा है। बीते साल सात अक्तूबर को सीमा पार कर आए हमास के आतंकियों ने हमला किया था। इस आतंकी हमले में 1,200 लोगों की मौत हो गई थी और 250 लोगों को बंधक बना लिया गया था। नवंबर में एक सप्ताह के संघर्ष विराम के दौरान लगभग आधे बंधकों को रिहा कर दिया गया था। आतंकी हमले के बाद इजराइल के प्रधानमंत्री बेंजामिन नेतान्याहू ने हमास को खत्म करने और सभी बंधकों की घर वापसी का संकल्प लिया है। हालांकि, उनका यह लक्ष्य पूरा होता हुआ नहीं दिख रहा है। युद्ध में हमास को काफी नुकसान हुआ है, लेकिन वह अब भी खत्म नहीं हुआ है जबकि बंधकों के परिवारों को लगता है कि समय निकलता जा रहा है। यरूशलम में संसद भवन के बाहर जमा हुए प्रदर्शनकारी ईनाव मोसेस ने कहा कि छह महीने बाद ऐसा लगता है कि सरकार को समझ आ गया है कि नेतन्याहू एक बाधा हैं। ऐसा लगता है कि वह वास्तव में उन्हें (बंधकों) वापस नहीं लाना चाहते और इस मिशन में विफल हो गए हैं। मोसेस के ससुर गेडी मोसेस को बंधक बनाया गया है।

# मूसलाधार बारिश से जलमग्न हुआ पाकिस्तान का खैबर पख्तूनख्वा प्रांत, बाढ़ के प्रकोप से 7 लोगों की मौत

**पेशावर। स्टिंग आप्रेशन ब्यूरो**

पाकिस्तान के खैबर पख्तूनख्वा प्रांत में बाढ़ और बारिश के कहर ने तबाही मचा दी है। रिपोर्ट के अनुसार बीते 24 घंटे के दौरान खैबर पख्तूनख्वा प्रांत में मूसलाधार बारिश और ओलावृष्टि के कारण कई घर गिर गए हैं। इससे 5 बच्चों समेत 7 लोगों की मौत हो गई। अधिकारियों ने यह जानकारी दी। शनिवार को लगातार दूसरे दिन खैबर पख्तूनख्वा के बड़े हिस्से में भारी बारिश और ओलावृष्टि हुई। कबायली जिले बजौर में बारिश के कारण एक घर ढह जाने से तीन बच्चों समेत पांच लोग मलबे में दफन हो गए। प्रांतीय आपदा प्रबंधन प्राधिकरण (पी.डी.एम.ए.) ने कहा कि शांगला जिले में मूसलाधार बारिश के कारण कमरे की छत गिरने से दो बच्चों की मौत हो गई। बारिश ने खैबर कबायली जिले, पेशावर, नौशेरा और चारसद्दा जिलों में भी फसलों को नुकसान पहुंचाया है। जिला प्रशासन ने प्रभावित परिवारों को सहायता प्रदान करने के लिए बारिश से प्रभावित क्षेत्रों में तत्काल राहत उपाय शुरू किए। अधिकारियों ने कहा कि इस महीने की शुरुआत में, पूरे पाकिस्तान में बारिश से संबंधित घटनाओं में कम से कम 37 लोग मारे गए थे।

# सदानंद वसंत दाते बने नए एन.आई.ए. प्रमुख, 26/11 हमले में लिया था आतंकवादियों से लोहा

**नई दिल्ली। स्टिंग आप्रेशन ब्यूरो**



राष्ट्रीय अन्वेषण अभिकरण यानी एन.आई.ए. को नया प्रमुख मिल गया है। आधिकारिक बयान में जानकारी दी गई है कि सदानंद वसंत दाते ने एनआईए के नए प्रमुख के रूप में अपना कार्यभार संभाल लिया है। सदानंद ने दिनकर गुप्ता का स्थान ग्रहण किया है जो कि रविवार को सेवानिवृत्त हो गए हैं। एनआईए प्रमुख बनने से पहले दाते महाराष्ट्र में आतंकवाद रोधी दस्ते (एटीएस) के प्रमुख के रूप में कार्यरत थे। आपको बता दें कि मुंबई में हुए 26/11 हमले के समय दाते ने सुरक्षा व्यवस्था में प्रमुख भूमिका निभाई थी। एनआईए प्रमुख बनने से पहले सदानंद वसंत महाराष्ट्र एटीएस के प्रमुख थे। वह 1990 बैच के भारतीय पुलिस सेवा (आईपीएस) के महाराष्ट्र कैडर के अधिकारी हैं। एनआईए द्वारा जारी की गई जानकारी के मुताबिक दाते ने महाराष्ट्र में कई महत्वपूर्ण पदों पर काम किया है। इनमें मीरा-भयंदर वसई-विरार के पुलिस आयुक्त, संयुक्त आयुक्त (कानून और व्यवस्था) और संयुक्त आयुक्त अपराध शाखा, मुंबई आदि शामिल हैं। सदानंद वसंत दाते इससे पहले भी दो बार केंद्र सरकार में अपनी सेवा दे चुके हैं। वह सीबीआई में उप महानिरीक्षक की और केंद्रीय रिजर्व पुलिस बल (सीआरपीएफ) में महानिरीक्षक की जिम्मेदारी निभा चुके हैं।








## पश्चिमी बंगाल में तूफान से मरने वालों की संख्या बढ़ी

# मृतकों के परिवार से मिलीं ममता बनर्जी

पश्चिम बंगाल की मुख्यमंत्री ममता बनर्जी ने कहा कि राज्य के जलपाईगुड़ी जिले के कुछ हिस्सों में रविवार को आए तूफान के कारण मरने की वालों की संख्या बढ़कर पांच हो गई है इस तूफान में 100 से अधिक लोग घायल हुए हैं...

**स्टिंग आप्रेशन की विशेष रिपोर्ट**

पश्चिम बंगाल की मुख्यमंत्री ममता बनर्जी ने कहा कि राज्य के जलपाईगुड़ी जिले के कुछ हिस्सों में रविवार को आए तूफान के कारण मरने की वालों की संख्या बढ़कर पांच हो गई है। इस तूफान में 100 से अधिक लोग घायल हुए हैं। जिला मुख्यालय शहर के अधिकतर हिस्सों और पड़ोसी मैनागुड़ी के कई इलाकों में ओलावृष्टि के साथ तेज हवा चलने से कई झोपड़ियां और मकान क्षतिग्रस्त हो गए, पेड़ उखड़ गए और बिजली के खंभे गिर गए। बनर्जी ने रविवार देर रात जिले का दौरा किया और लोगों को प्रशासन की ओर से हरसंभव मदद का आश्वासन दिया। उन्होंने कहा कि अब तक हमारे पास पांच लोगों की मौत होने की खबर है। घायलों की संख्या काफी अधिक है। मैंने घायलों और तूफान में मारे गए लोगों के परिजन से मुलाकात की. राज्य प्रशासन पीड़ित परिवारों की मदद के लिए हर संभव कोशिश करेगा।




Rakesh Bhateja
Assistant Editor
Daily Sting Operation
98722-53436



Sting Operation
NEWSPAPER & WEB CHANNEL
Contact 90416-59160
Exclusive


### ये इलाके हुए तूफान से सबसे ज्यादा प्रभावित

मुआवजे के बारे में पूछे जाने पर बनर्जी ने कहा कि आदर्श आचार संहिता लागू होने के कारण मैं इस बारे में कुछ नहीं कह सकती है। आपको जिला प्रशासन से बात करनी होगी.' तूफान के कारण राजारहाट, बार्निश, बकाली, जोरपाकड़ी, माधबडांगा और सप्तीबारी सबसे अधिक प्रभावित हुए हैं एवं कई एकड़ क्षेत्र में लगी फसलों को नुकसान पहुंचा है।

### प्रधानमंत्री नरेंद्र मोदी ने जताया दुख



**प्रधानमंत्री नरेंद्र मोदी ने तूफान को लेकर** एक्स पर पोस्ट किया, मेरी संवेदनाएं पश्चिम बंगाल के जलपाईगुड़ी-मैनागुड़ी इलाकों में तूफान से प्रभावित लोगों के साथ हैं। उन लोगों के प्रति संवेदना जिन्होंने अपने प्रियजनों को खोया है। अधिकारियों से बात की और उनसे भारी बारिश से प्रभावित लोगों को उचित सहायता सुनिश्चित करने को कहा। मैं पश्चिम बंगाल के बीजेपी कार्यकर्ताओं से प्रभावितों की मदद करने का आग्रह करूंगा।

# नशे पर हाईकोर्ट सख्तः हरियाणा-पंजाब में नशा कारोबार ने लिया महामारी का रूप, युवा पीढ़ी के हत्यारे हैं तस्कर

**चंडीगढ़। स्टिंग आप्रेशन ब्यूरो**

पंजाब-हरियाणा हाईकोर्ट ने नशा तस्करी से जुड़े एक मामले में आरोपी की जमानत याचिका खारिज करते हुए हाईकोर्ट ने कड़ी टिप्पणी की। पंजाब एवं हरियाणा हाईकोर्ट ने कहा कि दोनों राज्यों में युवा नशे के सौदागरों के शिकार बन रहे हैं और अब इस कारोबार ने महामारी का रूप ले लिया है। एक व्यक्ति एक या दो लोगों की हत्या करता है लेकिन नशे के सौदागर पीढ़ियां बर्बाद कर रहे हैं और युवा पीढ़ी के हत्यारे हैं। कैथल निवासी संदीप सिंह ने एनडीपीएस के मामले में 21 नवंबर 2023 को दर्ज एफआईआर में अग्रिम जमानत की मांग को लेकर हाईकोर्ट में याचिका दाखिल की थी। याची ने दलील दी थी कि उससे न तो नशीली सामग्री की रिकवरी हुई है और न ही वह मौके पर था। केवल सह आरोपियों के बयान के आधार पर याची का नाम एफआईआर में जोड़ा गया है। हाईकोर्ट ने सभी पक्षों को सुनने के बाद अपना आदेश सुनाते हुए कहा कि इस मामले में कुल 15 क्विंटल चूरा पोस्त व डोडा पोस्त बरामद हुई है जो बड़ी मात्रा है। सह आरोपियों के अनुसार 2 क्विंटल नशीली सामग्री उन्हें याची को देनी थी। ऐसे में याची यह कहकर नहीं बच सकता कि उससे कोई रिकवरी नहीं हुई है। सह आरोपियों के साथ याची की 40 बार फोन पर बातचीत हुई है तो दोनों के बीच संपर्क को दर्शाता है। कोर्ट ने कहा कि इस प्रकार के गंभीर आरोपों की गहन जांच जरूरी है और ऐसे में याची को अग्रिम जमानत नहीं दी जा सकती। कोर्ट ने अपने आदेश में कहा कि दोनों राज्यों में नशीली दवाओं का खतरा बहुत बड़ा हो गया है और बड़ी संख्या में युवा ऐसे माफिया के हाथों शिकार बन रहे हैं। नशीले पदार्थों की गुप्त तस्करी के कारण जनता के एक बड़े वर्ग में नशीली दवाओं की लत लग गई है। हत्या के मामले में आरोपी एक या दो व्यक्तियों की हत्या करता है, जबकि वे व्यक्ति जो नशीली दवाओं का कारोबार करते हैं, वे कई निर्दोष युवाओं को मौत की ओर लेकर जाते हैं और पीढ़ियां बर्बाद कर देते हैं।


## पत्रकारिता का जज़्बा दफन न होने दो

हमारे साथ सम्पर्क करें

'स्टिंग अप्रेशन' समाचार पत्र

'स्टिंग अप्रेशन' वैब टी.वी.




ਸ਼੍ਰੀ ਚਮਕੌਰ ਸਾਹਿਬ 1 ਅਪ੍ਰੈਲ ( ਅੰਮ੍ਰਿਤ)- ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੇ ਪੋਸਟ ਗ੍ਰੈਜੂਏਟ ਕਾਮਰਸ ਵਿਭਾਗ ਵੱਲੋਂ "ਕੈਰੀਅਰ ਗਾਈਡੈਂਸ" ਵਿਸ਼ੇ ਤੇ ਦੋ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਹ ਵਰਕਸ਼ਾਪ ਵਿਭਾਗ ਮੁਖੀ ਪ੍ਰੋ. ਇਸ਼ੂ ਬਾਲਾ ਦੀ ਨਿਗਰਾਨੀ ਅਧੀਨ ਆਯੋਜਿਤ ਕੀਤੀ ਗਈ। ਵਰਕਸ਼ਾਪ ਦੇ ਵਿੱਚ ਚਾਰ ਸੈਸ਼ਨਾਂ ਦੌਰਾਨ ਵੱਖੋ-ਵੱਖਰੇ ਵਿਸ਼ਿਆਂ ਤੇ ਕਿੱਤਾਮੁੱਖੀ ਸੇਧ ਦੇਣ ਲਈ ਚਰਚਾ ਕੀਤੀ ਗਈ। ਵਰਕਸ਼ਾਪ ਦੇ ਪਹਿਲੇ ਦਿਨ ਪਹਿਲੇ ਸੈਸ਼ਨ ਵਿੱਚ ਸ਼੍ਰੀ ਪੰਕਜ ਗੋਇਲ ਡਾਇਰੈਕਟਰ ਅਤੇ ਮੁਖੀ ਗਣਿਤ ਵਿਭਾਗ, ਵੈਟਰਨਜ਼ ਇੰਸਟੀਚਿਊਟ, ਮੋਹਾਲੀ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਸ਼੍ਰੀ ਗੋਇਲ ਨੇ ਵਿਦਿਆਰਥੀਆਂ ਨੂੰ 'ਆਰਟੀਫਿਸ਼ੀਅਲ ਇੰਨਟੈਲੀਜੈਂਸ' ਦੇ ਆ ਰਹੇ ਜ਼ਮਾਨੇ ਲਈ ਸਭ ਨੂੰ ਯੋਗ ਬਣਾਉਣ ਲਈ ਪ੍ਰੇਰਿਆ।ਉਹਨਾਂ ਨੇ ਵਿਦਿਆਰਥੀਆਂ ਨੂੰ ਸਮੇਂ ਦੀ ਕੀਮਤ, ਚੋਣ ਦੀ ਆਜ਼ਾਦੀ, ਨਿਰੰਤਰ ਸੋਧ, ਖੋਜ ਅਤੇ ਸਕਿੱਲ ਵਿੱਚ ਵਾਧਾ ਕਰਨ, ਬਾਇਓਡਾਟਾ ਲੇਖਣ, ਮੌਕ ਇੰਟਰਵਿਊ, ਨੈਵੀਗੇਟਿੰਗ 'ਦ ਜਾੱਬ ਸਰਚ ਸਟਰੈਟੀਜ਼ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਅਤੇ ਕਈ ਪ੍ਰੈਕਟੀਕਲ ਗਤੀਵਿਧੀਆਂ ਕਰਵਾਈਆਂ। ਵਰਕਸ਼ਾਪ ਦੇ ਦੂਜੇ ਸੈਸ਼ਨ ਵਿੱਚ ਇੰਸਟੀਚਿਊਟ ਦੇ ਡਾਇਰੈਕਟਰ ਸ਼੍ਰੀ ਰਵਿੰਦਰ ਠਾਕੁਰ ਨੇ ਮੁੱਖ ਬੁਲਾਰੇ ਵਜੋਂ ਵਿਦਿਆਰਥੀਆਂ ਨੂੰ ਸਹੀ ਤਰੀਕੇ ਨਾਲ ਆਪਣੀਆਂ ਲੋੜਾਂ, ਆਪਣੀ ਤਾਕਤ ਅਤੇ ਚੁਣੇ ਕਿੱਤੇ ਦੀ ਪੂਰਨ ਜਾਣਕਾਰੀ ਹਾਸਿਲ ਕਰਕੇ ਮਿਹਨਤ ਕਿਵੇਂ ਕਰਨੀ ਹੈ, ਤੇ ਜ਼ੋਰ ਦਿੱਤਾ। ਵਰਕਸ਼ਾਪ ਦੇ ਦੂਜੇ ਦਿਨ ਪਹਿਲੇ ਸੈਸ਼ਨ ਵਿੱਚ ਸ਼੍ਰੀ ਕ੍ਰਿਸ਼ਨ ਗੋਇਲ ਨੇ "ਅੰਡਰ ਸਟੇਡਿੰਗ ਸਟਰੈਂਥਜ਼ ਐਂਡ ਐਕਸਪਲੋਰਿੰਗ ਕੈਰੀਅਰ ਆਪਸ਼ਨ" ਤਹਿਤ ਸਵਾਟ ਅਨੈਲਸਿਸ ਕਰਨ ਦੀ ਤਕਨੀਕ ਤੇ ਚਰਚਾ ਕੀਤੀ ਅਤੇ ਨਾਲ ਹੀ ਆਮ ਗਿਆਨ ਅਤੇ ਗਣਿਤ ਵਿਸ਼ੇ ਸੰਬੰਧੀ ਵੀ ਜਾਣਕਾਰੀ ਸਾਂਝੀ ਕੀਤੀ। ਵਰਕਸ਼ਾਪ ਦੇ ਅੰਤਲੇ ਦਿਨ ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਮੁੱਖ ਬੁਲਾਰਿਆਂ ਨੂੰ ਸਨਮਾਨ ਚਿੰਨ੍ਹ ਭੇਂਟ ਕੀਤੇ ਅਤੇ ਆਸ ਜਤਾਈ ਕਿ ਇਹ ਵਰਕਸ਼ਾਪ ਵਿਦਿਆਰਥੀਆਂ ਲਈ ਜ਼ਰੂਰ ਹੀ ਨਵੀਂ ਸੋਚ ਦੇ ਰਾਹ ਖੋਲੇਗੀ। ਉਹਨਾਂ ਕਾਮਰਸ ਵਿਭਾਗ ਨੂੰ ਵਰਕਸ਼ਾਪ ਦੇ ਆਯੋਜਨ ਲਈ ਸਰਾਹਨਾ ਵੀ ਕੀਤੀ ਅਤੇ ਕਿਹਾ ਕਿ ਸਮੇਂ-ਸਮੇਂ ਇਹ ਪ੍ਰੋਗਰਾਮ ਉਲੀਕਣੇ ਮੌਜੂਦਾ ਸਮੇਂ ਦੀ ਲੋੜ ਹਨ।ਇਸ ਵਰਕਸ਼ਾਪ ਦੇ ਅਖ਼ੀਰ ਵਿੱਚ ਵਿਭਾਗ ਮੁਖੀ ਪ੍ਰੋ. ਇਸ਼ੂ ਬਾਲਾ ਨੇ ਮੁੱਖ ਬੁਲਾਰਿਆਂ ਦਾ ਧੰਨਵਾਦ ਵਿਅਕਤ ਕੀਤਾ।ਇਸ ਦੌਰਾਨ ਸਟੇਜ ਸੰਚਾਲਨ ਦੀ ਭੂਮਿਕਾ ਡਾ. ਸੰਦੀਪ ਕੌਰ ਵੱਲੋਂ ਨਿਭਾਈ ਗਈ। ਇਸ ਮੌਕੇ ਕੁਆਰਡੀਨੇਟਰ ਡਾ. ਨਿਰਪਇੰਦਰ ਕੌਰ, ਪ੍ਰੋ. ਗਗਨਦੀਪ ਕੌਰ, ਪ੍ਰੋ. ਨਵਨੀਤ ਕੌਰ ਅਤੇ ਸਾਰੇ ਵਿਦਿਆਰਥੀ ਹਾਜ਼ਰ ਸਨ।

## ਸ਼ਹਿਰ ਦੇ ਉੱਘੇ ਸਮਾਜ ਸੇਵੀ ਸ਼ਮਸ਼ੇਰ ਸਿੰਘ ਉੱਪਲ ਅਤੇ ਪ੍ਰਸਿੱਧ ਵਪਾਰੀ ਰਾਜ ਕੁਮਾਰ ਅਰੋੜਾ, ਮੋਹਿਤ ਅਰੋੜਾ ਦੀ ਪ੍ਰੇਰਨਾ ਸਦਕਾ ਹੋਏ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ



ਪੱਟੀ, 1 ਅਪ੍ਰੈਲ ( ਅਮਰਜੀਤ ਕਾਲੇਕੇ, ਸੰਜੀਵ ਸ਼ਰਮਾ ) -ਸ਼ਹਿਰ ਦੇ ਉੱਘੇ ਸਮਾਜ ਸੇਵੀ ਸ਼ਮਸ਼ੇਰ ਸਿੰਘ ਉੱਪਲ ਪ੍ਰਧਾਨ ਸਾਈਕਲਿੰਗ ਕਲੱਬ ਪੱਟੀ ਅਤੇ ਪ੍ਰਸਿੱਧ ਵਪਾਰੀ ਰਾਜ ਕੁਮਾਰ ਅਰੋੜਾ, ਮੋਹਿਤ ਅਰੋੜਾ ਪੱਟੀ ਸ਼ੋਸ਼ਲ ਮੀਡੀਆ ਇੰਚਾਰਜ ਦੀ ਪ੍ਰੇਰਨਾ ਸਦਕਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਜਿਸਦਾ ਕੈਬਿਨੇਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਨੇ ਪਾਰਟੀ ਦਾ ਸਿਰੋਪਾ ਪਾ ਕੇ ਸਵਾਗਤ ਕੀਤਾ। ਇਸ ਮੌਕੇ ਤੇ ਕੈਬਿਨੇਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਕਿ ਆਮ ਆਦਮੀ ਪਾਰਟੀ ਦੀਆ ਨੀਤੀਆਂ ਤੋਂ ਖੁਸ਼ ਹੋਕੇ ਸ਼ਹਿਰ ਦੇ ਨਾਮਵਰ ਪਰਿਵਾਰ ਪਾਰਟੀ ਨਾਲ ਜੁੜ ਰਹੇ ਹਨ। ਉਹਨਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਹਰੇਕ ਵਰਗ ਦੇ ਲੋਕਾਂ ਨੂੰ ਬਣਦੀਆਂ ਸਹੂਲਤਾਂ ਦੇ ਰਹੀ ਹੈ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ 90% ਘਰਾਂ ਦੇ ਜੀਰੋ ਬਿਜਲੀ ਬਿੱਲ, ਸਰਕਾਰੀ ਸਕੂਲਾਂ ਵਿਚ ਉੱਚ ਸਿੱਖਿਆ, ਆਟਾ ਦਾਲ ਸਕੀਮ, ਸਰਕਾਰੀ ਹਸਪਤਾਲ ਵਿੱਚ ਸਿਹਤ ਸੁਵਿਧਾਵਾਂ, ਸੜਕਾ ਲਈ ਕਰੋੜਾਂ ਦੀਆਂ ਗ੍ਰਾਂਟਾ, ਪੰਜਾਬ ਵਿੱਚ ਸਾਫ ਸੁਥਰਾ ਵਾਤਾਵਰਣ, ਲੋਕ ਭਲਾਈ ਸਕੀਮ, ਗ਼ਰੀਬਾਂ ਨੂੰ ਮਕਾਨ ਬਣਾ ਕੇ ਦੇਣਾ, ਵਿਧਵਾ ਪੈਨਸ਼ਨ, ਬੇਰੁਜ਼ਗਾਰ, ਅੰਗਹੀਨ ਪੈਨਸ਼ਨ, ਖੇਡਾਂ ਸਮੇਤ ਘਰ ਘਰ ਰੋਜ਼ਗਾਰ ਯੋਜਨਾ, ਆਦਿ ਅਨੇਕਾਂ ਸੁਵਿਧਾਵਾਂ ਜਨਤਾ ਨੂੰ ਦਿਤੀਆਂ ਜਾ ਰਹੀਆਂ ਹਨ ਸਰਕਾਰ ਵੱਲੋਂ ਸਹੂਲਤਾਂ ਪੱਖੋਂ ਕੋਈ ਕਮੀ ਨਹੀਂ ਛੱਡੀ ਜਾ ਰਹੀ। ਲੋਕਾਂ ਨੂੰ ਬਹੁਤ ਵਧੀਆ ਤੇ ਪਾਰਦਰਸ਼ੀ ਢੰਗ ਨਾਲ ਭ੍ਰਿਸ਼ਟਾਚਾਰ ਤੋਂ ਰਹਿਤ ਪ੍ਰਸ਼ਾਸਨ ਦੇਣਾ ਮਾਨ ਸਰਕਾਰ ਦੀ ਜ਼ਿੰਮੇਵਾਰੀ ਹੈ ਆਉਣ ਵਾਲੇ ਸਮੇਂ 'ਵਿੱਚ ਆਮ ਆਦਮੀ ਦੀ ਸਰਕਾਰ ਪੰਜਾਬ ਦੇ ਵਿਕਾਸ 'ਤੇ ਲੋਕਾਂ ਦੀ ਬਿਹਤਰੀ ਲਈ ਕਈ ਹੋਰ ਅਨੇਕਾਂ ਯੋਜਨਾਵਾਂ ਲੈ ਕੇ ਆਵੇਗੀ। ਇਸ ਮੌਕੇ ਤੇ ਸ਼ਮਸ਼ੇਰ ਸਿੰਘ ਉੱਪਲ ਅਤੇ ਰਾਜ ਕੁਮਾਰ ਅਰੋੜਾ ਨੇ ਕਿਹਾ ਕਿ ਕੈਬਿਨੇਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਜ਼ਮੀਨ ਨਾਲ ਜੁੜੇ ਹੋਏ ਨੇਤਾ ਹਨ ਅਤੇ ਹਰੇਕ ਵਰਗ ਦੇ ਲੋਕਾਂ ਦੀ ਗੱਲ ਸੁਣਦੇ ਹਨ ਉਹ ਆਮ ਆਦਮੀ ਪਾਰਟੀ ਦੀ ਨੀਤੀਆ ਨੂੰ ਘਰ ਘਰ ਪਹੁੰਚਾਉਣਗੇ। ਇਸ ਮੌਕੇ ਤੇ ਚੇਅਰਮੈਨ ਦਿਲਬਾਗ ਸਿੰਘ ਪੀ ਏ, ਮੋਹਿਤ ਅਰੋੜਾ ਸ਼ੋਸ਼ਲ ਮੀਡੀਆ ਇੰਚਾਰਜ, ਵਰਿੰਦਰਜੀਤ ਸਿੰਘ ਹੀਰਾ ਭੁੱਲਰ, ਅਵਤਾਰ ਸਿੰਘ ਢਿੱਲੋ ਮੀਡੀਆ ਇੰਚਾਰਜ, ਗੁਰਪ੍ਰਤਾਪ ਸਿੰਘ ਲਾਡੀ ਬੁਰਜ਼, ਵਿਨੋਦ ਖੰਨਾ, ਪਲਵਿੰਦਰ ਸਿੰਘ ਭੋਲਾ ਰਾੜੀਆਂ, ਸੁੱਖ ਬਾਠ ਧਗਾਨਾ, ਸੁਖਚੈਨ ਸਿੰਘ ਆਦਿ ਵੀ ਹਾਜ਼ਰ ਸਨ।

## ਜੱਥੇਦਾਰ ਨਿਮਾਣਾ ਨੇ ਸਾਥੀਆਂ ਸਮੇਤ ਅੰਨ੍ਹਦਾਤਾ ਕਿਸਾਨ ਯੂਨੀਅਨ ਨੂੰ ਕਿਹਾ ਅਲਵਿਦਾ, ਅੰਨ੍ਹਦਾਤਾ ਕਿਸਾਨ ਮਜ਼ਦੂਰ ਯੂਨੀਅਨ ਦਾ ਕੀਤਾ ਗਠਨ



ਲੁਧਿਆਣਾ,1 ਅਪ੍ਰੈਲ ( ਸਤਨਾਮ ਸਿੰਘ)- ਮਨੁੱਖੀ ਸੇਵਾ ਕਾਰਜਾਂ ਨੂੰ ਸਮਰਪਿਤ ਸੰਸਥਾ ਭਾਈ ਘਨਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਅੱਜ ਸਮੁੱਚੀ ਪ੍ਰੈਸ ਦੀ ਹਾਜ਼ਰੀ ਵਿੱਚ ਰਸਮੀ ਤੌਰ ਤੇ ਅੰਨਦਾਤਾ ਕਿਸਾਨ ਯੂਨੀਅਨ ਪੰਜਾਬ ਇਕਾਈ ਦੀ ਪ੍ਰਧਾਨਗੀ ਤੋ ਆਪਣਾ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਉਨ੍ਹਾਂ ਨੇ ਆਪਣੀ ਗੱਲਬਾਤ ਵਿੱਚ ਕਿਹਾ ਕਿ ਉਹ ਹਮੇਸ਼ਾਂ ਰਾਜਨੀਤੀ ਤੋ ਉਪਰ ਉਠ ਕੇ ਆਪਣੇ ਸਾਥੀਆਂ ਸਮੇਤ ਸਮਾਜ ਦੀ ਸੇਵਾ ਨੂੰ ਸਮਰਪਿਤ ਰਹੇ ਹਨ,ਖਾਸ ਕਰਕੇ ਖ਼ੂਨਦਾਨ ਕਰਨ ਦੀ ਮੁਹਿਮ ਨੂੰ ਕੌਮਾਂਤਰੀ ਪੱਧਰ ਤੇ ਚਲਾ ਕੇ ਉਨ੍ਹਾਂ ਦੀ ਸੰਸਥਾ ਨੇ ਲੋੜਵੰਦ ਵਿਅਕਤੀਆਂ ਨੂੰ ਪਹਿਲ ਦੇ ਆਧਾਰ ਤੇ ਨਿਸ਼ਕਾਮ ਰੂਪ ਵਿਚ ਖ਼ੂਨ ਉਪਲਬੱਧ ਕਰਵਾਉਣ ਵਿੱਚ ਆਪਣਾ ਮੋਹਰੀ ਰੋਲ ਅਦਾ ਕੀਤਾ ਹੈ। ਜਿਸ ਦੀ ਬਦੌਲਤ ਉਨ੍ਹਾਂ ਦੀ ਸੰਸਥਾ ਤੇ ਦਾਸ ਨੂੰ ਸਰਕਾਰ ਵੱਲੋ ਕਈ ਵਾਰ ਰਾਜ ਪੱਧਰ ਤੇ ਸਟੇਟ ਐਵਾਰਡ ਨਾਲ ਸਨਮਾਨਿਤ ਵੀ ਕੀਤਾ ਹੈ।ਜੱਥੇਦਾਰ ਨਿਮਾਣਾ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਕੇਂਦਰ ਸਰਕਾਰ ਵੱਲੋ ਦੇਸ਼ ਦੇ ਕਿਸਾਨਾਂ ਵਿਰੁੱਧ ਬਣਾਏ ਗਏ ਕਾਲੇ ਕਾਨੂੰਨਾਂ ਦਾ ਉਨ੍ਹਾਂ ਦੀ ਸੰਸਥਾ ਨੇ ਸਖਤ ਵਿਰੋਧ ਕੀਤਾ ਸੀ ਅਤੇ ਉਨ੍ਹਾਂ ਨੇ ਦੇਸ਼ ਦੇ ਕਿਸਾਨਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਦਿਆਂ ਦਿੱਲੀ ਤੇ ਪੰਜਾਬ ਵਿੱਚ ਚਲੇ ਕਿਸਾਨੀ ਮੋਰਚੇ ਅੰਦਰ ਇੱਕ ਸੱਚੇ ਪੰਜਾਬੀ ਦੇ ਰੂਪ ਵੱਜੋ ਬਗੈਰ ਕਿਸੇ ਰਾਜਨੀਤਕ ਹਿੱਤਾਂ ਤੋ ਉਪਰ ਉਠ ਕੇ ਉਕਤ ਸ਼ੰਘਰਸ਼ ਵਿੱਚ ਭਾਗ ਲਿਆ।ਇਸ ਕਿਸਾਨੀ ਸ਼ੰਘਰਸ਼ ਦੌਰਾਨ ਉਨ੍ਹਾਂ ਨੇ ਆਪਣੇ ਸਾਥੀਆਂ ਦੇ ਨਾਲ ਮਿਲ ਕੇ ਕਿਸਾਨਾਂ ਦੇ ਹੱਕ ਵਿੱਚ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਹਰ ਪੱਖੋ ਉਨ੍ਹਾਂ ਦੀ ਮਦੱਦ ਕੀਤੀ ਅਤੇ ਕਿਸਾਨੀ ਸ਼ੰਘਰਸ਼ ਦੀ ਵੱਡੀ ਜਿੱਤ ਵਿੱਚ ਆਪਣੀ ਸੰਸਥਾ ਤੇ ਸਾਥੀਆਂ ਦਾ ਵਡਮੁੱਲਾ ਯੋਗਦਾਨ ਪਾਇਆ।ਇਸ ਦੌਰਾਨ ਉਨ੍ਹਾਂ ਦੇ ਸੇਵਾ ਕਾਰਜਾਂ ਨੂੰ ਦੇਖਦਿਆਂ ਹੋਇਆ ਅੰਨ ਦਾਤਾ ਕਿਸਾਨ ਯੂਨੀਅਨ ਦੇ ਰਾਸ਼ਟਰੀ ਪ੍ਰਧਾਨ ਸ.ਗੁਰਮੁਖ ਸਿੰਘ ਨੇ ਦਾਸ ਨੂੰ ਆਪਣੀ ਯੂਨੀਅਨ ਦੀ ਪੰਜਾਬ ਇਕਾਈ ਦਾ ਪ੍ਰਧਾਨ ਥਾਪ ਦਿੱਤਾ। ਜਿਸ ਉਪਰੰਤ ਉਨ੍ਹਾਂ ਨੇ ਸਮਾਜ ਸੇਵਾ ਦੇ ਨਾਲ ਦੇਸ਼ ਦੇ ਅੰਨਦਾਤਿਆ ਦੇ ਹੱਕ ਵਿੱਚ ਆਪਣੀ ਮੁਹਿੰਮ ਸਮੁੱਚੇ ਪੰਜਾਬ ਅੰਦਰ ਚਲਾਈ ਅਤੇ ਵਿਆਪਕ ਰੂਪ ਵਿੱਚ ਯੂਨੀਅਨ ਦਾ ਜੱਥੇਬੰਧਕ ਢਾਚਾਂ ਵੀ ਬਣਾਇਆ।ਪਰ ਇਸ ਦੌਰਾਨ ਯੂਨੀਅਨ ਦੇ ਰਾਸ਼ਟਰੀ ਪ੍ਰਧਾਨ ਗੁਰਮੁਖ ਸਿੰਘ ਵਿਰਕ ਵੱਲੋ ਬਗੈਰ ਸਲਾਹ ਮਸ਼ਵਰਾ ਕੀਤਿਆਂ ਲਏ ਗਏ ਕਿਸਾਨ ਵਿਰੋਧੀ ਫੈਸਲਿਆਂ ਸਦਕਾ ਅਤੇ ਮੌਜੂਦਾ ਸਮੇਂ ਵਿੱਚ ਚੱਲ ਰਹੇ ਕਿਸਾਨ ਸੰਘਰਸ਼ ਦੌਰਾਨ ਇੱਕ ਰਾਜਨੀਤਕ ਪਾਰਟੀ ਦੀ ਧਿਰ ਦਾ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਭਾਰਤ ਬਣਾਇਆ ਜਿਸਦਾ ਮਕਸਦ ਕੇਵਲ ਤੇ ਕੇਵਲ ਸੰਯੁਕਤ ਕਿਸਾਨ ਮੋਰਚੇ ਭਾਰਤ ਦੀ ਮਹਾ ਪੰਚਾਇਤ ਹੋਣ ਵਾਲੀ ਰੈਲੀ ਰਾਮ ਲੀਲਾ ਗਰਾਊਂਡ ਦਿੱਲੀ ਨੂੰ ਫੇਲ ਕਰਨਾ ਸੀ।ਜੱਥੇਦਾਰ ਨਿਮਾਣਾ ਸਾਂਝਾ ਕਿਸਾਨ ਮਜ਼ਦੂਰ ਮੋਰਚੇ ਭਾਰਤ ਦਾ ਸਖਤ ਵਿਰੋਧ ਵੀ ਕੀਤਾ। ਪਰ ਇਸ ਦੇ ਬਾਵਜੂਦ ਸਾਡੀ ਕੋਈ ਅਪੀਲ ਦਲੀਲ ਨਹੀਂ ਸੁਣੀ ਗਈ। ਜਿਸ ਤੋ ਮਜ਼ਬੂਰ ਹੋ ਕੇ ਅੱਜ ਮੈ ਆਪਣੇ ਸਾਥੀਆਂ ਸਮੇਤ ਅੰਨਦਾਤਾ ਕਿਸਾਨ ਯੂਨੀਅਨ ਪੰਜਾਬ ਦੀ ਪ੍ਰਧਾਨਗੀ ਤੋ ਭਰੇ ਮਨ ਨਾਲ ਆਪਣਾ ਅਸਤੀਫਾ ਦੇ ਰਿਹਾ ਹਾਂ। ਇਸ ਮੌਕੇ ਜੱਥੇਦਾਰ ਤਰਨਜੀਤ ਨਿਮਾਣਾ ਨੇ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਬਣਾਉਣ ਦਾ ਐਲਾਨ ਕੀਤਾ ਅਤੇ ਕੌਰ ਕਮੇਟੀ ਦਾ ਗਠਨ ਕੀਤਾ।ਹਰਪ੍ਰੀਤ ਸਿੰਘ ਮਖੂ, ਮਨਜੀਤ ਸਿੰਘ ਬੁਟਾਰੀ,ਸਰਪੰਚ ਨਿਰਮਲ ਸਿੰਘ ਬੇਰਕਲਾਂ, ਪਰਮਜੀਤ ਸਿੰਘ ਨੱਤ ਭੁਪਿੰਦਰ ਸਿੰਘ, ਹਰਪਾਲ ਸਿੰਘ ਮੱਖੂ ਸਾਰੇ ਕੌਰ ਕਮੇਟੀ ਮੈਂਬਰ, ਜੁਗਰਾਜ ਸਿੰਘ ਮੰਡ,ਪ੍ਰਦੀਪ ਸਿੰਘ ਗਰੇਵਾਲ, ਪ੍ਰਗਟ ਸਿੰਘ ਗਰੇਵਾਲ,ਪਰਮਿੰਦਰ ਸਿੰਘ ਦੋਲੋਂ ਕਲਾਂ,ਸੁਖਵਿੰਦਰ ਸਿੰਘ ਸੁੱਖਾ,ਜੁਝਾਰ ਸਿੰਘ, ਚਰਨਜੀਤ ਸਿੰਘ,ਮਲਵਿੰਦਰ ਸਿੰਘ,ਮਨਦੀਪ ਸਿੰਘ ਬਾਜਵਾ,ਅਸ਼ੋਕ ਦੈਤਿਆ,ਇੰਦਰਪਾਲ ਸਿੰਘ ਪਾਮਾਲੀ,ਗੁਰਪ੍ਰੀਤ ਸਿੰਘ ਹਸਨਪੁਰ,ਰਾਜਵੀਰ ਸਿੰਘ ਦੋਲੋਂ, ਦਵਿੰਦਰਜੀਤ ਸਿੰਘ,ਐਡਵੋਕੇਟ ਕੁਲਦੀਪ ਸਿੰਘ ਹਾਜ਼ਰ ਸਨ।





## ਇੱਕ ਨਜ਼ਰ



## ਸਲਾਨਾ ਜੋੜ ਮੇਲਾ ਵਿਸਾਖੀ ਦਾ ਪੋਸਟਰ ਜਾਰੀ, ਵੱਡੇ ਪੱਧਰ ਤੇ ਜੋੜ ਮੇਲੇ ਸਬੰਧੀ ਤਿਆਰੀਆਂ

ਸੰਗਰੂਰ, 1 ਅਪ੍ਰੈਲ (ਨਰੇਸ਼ ਬਾਗੀਆਂ)- ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ ਸੰਗਰੂਰ ਵਿਖੇ ਸਾਲਾਨਾ ਜੋੜ ਮੇਲਾ ਖਾਲਸਾ ਸਾਜਨਾ ਦਿਵਸ ਵਿਸਾਖੀ ਬੜੀ ਸ਼ਰਧਾ ਅਤੇ ਭਾਵਨਾ ਨਾਲ ਸਿੱਖ ਸੰਗਤਾਂ ਵੱਲੋਂ ਮਨਾਇਆ ਜਾਂਦਾ ਹੈ। ਜਿਸ ਦੇ ਸਬੰਧ ਵਿੱਚ ਵੱਖ ਵੱਖ ਸ਼ਖਸ਼ੀਅਤਾਂ ਵੱਲੋਂ ਇੱਕ ਪੋਸਟਰ ਜਾਰੀ ਕੀਤਾ ਗਿਆ। ਇਹ ਪੋਸਟਰ ਜਥੇਦਾਰ ਭੁਪਿੰਦਰ ਸਿੰਘ ਜੀ ਭਲਵਾਨ ਮੈਂਬਰ ਸ੍ਰੋਮਣੀ ਕਮੇਟੀ, ਜਥੇਦਾਰ ਹਰਦੇਵ ਸਿੰਘ ਜੀ ਰੋਗਲਾ ਮੈਂਬਰ ਸ਼੍ਰੋਮਣੀ ਕਮੇਟੀ, ਜਥੇਦਾਰ ਮਲਕੀਤ ਸਿੰਘ ਜੀ ਚੰਗਾਲ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਸੰਤ ਬਾਬਾ ਕਿਰਪਾਲ ਸਿੰਘ ਜੀ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਵੱਲੋਂ ਜਾਰੀ ਕੀਤਾ ਗਿਆ। ਪੋਸਟਰ ਜਾਰੀ ਕਰਨ ਸਮੇਂ ਭਾਈ ਅਮਰੀਕ ਸਿੰਘ ਜੀ ਬਰਨਾਲਾ ਮੈਨੇਜਰ ਗੁਰਦੁਆਰਾ ਸਾਹਿਬ ਸੰਗਰੂਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੋੜ ਮੇਲਾ ਮਿਤੀ 11 12 13 ਅਪ੍ਰੈਲ ਨੂੰ ਮਨਾਇਆ ਜਾ ਰਿਹਾ ਹੈ। ਜਿਸ ਦੇ ਸਬੰਧ ਵਿੱਚ ਮਿਤੀ 11 ਅਪ੍ਰੈਲ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਦਿਨ ਦੇ ਸਮੇਂ ਸ੍ਰੀ ਗੁਰੂ ਨਾਨਕ ਸੇਵਾ ਦਲ ਵਲੋਂ ਬੱਚਿਆਂ ਦੇ ਸੁੰਦਰ ਦਸਤਾਰ ਅਤੇ ਸ਼ਬਦ ਗਾਇਨ ਮੁਕਾਬਲੇ ਕਰਵਾਏ ਜਾਣਗੇ। ਮਿਤੀ 13 ਅਪ੍ਰੈਲ ਨੂੰ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਰਾਗੀ ਢਾਡੀ ਦਰਬਾਰ ਸਜੇਗਾ ਅਤੇ ਇਸੇ ਦਿਨ 11 ਵਜੇ ਅੰਮ੍ਰਿਤ ਦਾ ਬਾਟਾ ਵੀ ਤਿਆਰ ਹੋਵੇਗਾ। ਜਿਸ ਵਿੱਚ ਅੰਮ੍ਰਿਤ ਅਭਿਲਾਖੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਕੇਸ਼ੀ ਇਸ਼ਨਾਨ ਕਰਕੇ ਸਮੇਂ ਸਿਰ ਗੁਰਦੁਆਰਾ ਸਾਹਿਬ ਵਿਖੇ ਪਹੁੰਚਣ। ਕਕਾਰ ਪ੍ਰਬੰਧ ਵੱਲੋਂ ਪ੍ਰੇਮ ਭੇਟਾ ਵਜੋਂ ਦਿੱਤੇ ਜਾਣੇ ਹਨ ਅਤੇ ਸੰਗਤਾਂ ਨੂੰ ਅਪੀਲ ਵੀ ਕੀਤੀ ਜਾਂਦੀ ਹੈ ਕਿ ਇਸ ਮਹਾਨ ਜੋੜ ਮੇਲੇ ਸਮੇਂ ਗੁਰੂ ਕੇ ਲੰਗਰਾਂ ਵਿੱਚ ਗੁਰੂ ਕੇ ਪ੍ਰਬੰਧਾਂ ਵਿੱਚ ਵੱਧ ਤੋਂ ਵੱਧ ਸਹਿਯੋਗ ਤਨ ਮਨ ਧਨ ਨਾਲ ਕਰਕੇ ਆਪਣਾ ਜੀਵਨ ਸਫਲਾ ਕਰਨ। ਸ੍ਰ ਅਮਰੀਕ ਸਿੰਘ ਬਰਨਾਲਾ ਨੇ ਕਿਹਾ ਕਿ ਪ੍ਰਬੰਧਕ ਸੰਗਤਾਂ ਤੋਂ ਅਥਾਹ ਸਹਿਯੋਗ ਦੀ ਆਸ ਰੱਖਦੇ ਹੋਏ ਖਾਲਸੇ ਦਾ ਸਾਜਨਾ ਦਿਵਸ ਜੋੜ ਮੇਲਾ ਵਿਸਾਖੀ ਨੂੰ ਵਧ ਚੜ ਕੇ ਮਨਾਉਣ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਅਪੀਲ ਕੀਤੀ। ਇਸ ਸਮੇਂ ਭਾਈ ਸਤਿਗੁਰ ਸਿੰਘ ਜੀ ਅਕਾਊਂਟੈਂਟ ਗੁਰਿੰਦਰ ਸਿੰਘ ਜੀ ਇੰਚਾਰਜ ਖੇਤੀਬਾੜੀ ਭਾਈ ਰਾਜਵੀਰ ਸਿੰਘ ਰਿਕਾਰਡ ਕੀਪਰ ਭਾਈ ਜਗਸੀਰ ਸਿੰਘ ਸਟੋਰ ਕੀਪਰ, ਭਾਈ ਅਮਰਜੀਤ ਸਿੰਘ ਹੈਡ ਗ੍ਰੰਥੀ, ਭਾਈ ਜੈ ਸਿੰਘ ਡਰਾਈਵਰ, ਸਰਦਾਰ ਕੁਲਵੰਤ ਸਿੰਘ ਕਲਕੱਤਾ ਅਤੇ ਹੋਰ ਵੀ ਪਤਵੰਤੇ ਸੱਜਣ ਹਾਜ਼ਰ ਸਨ।

## ਸ਼੍ਰੀ ਬਾਲਾ ਜੀ ਕੈਮ ਸਲਿਉਸ਼ਨ ਵੱਲੋਂ 2.50 ਲੱਖ ਰੁਪਏ ਪਿੰਗਲਵਾੜਾ ਸੁਸਾਇਟੀ ਨੂੰ ਅਤੇ 2 ਲੱਖ ਰੁਪਏ ਬਿਰਧ ਆਸ਼ਰਮ ਬਡਰੁੱਖਾਂ ਨੂੰ ਸਮਾਜ ਸੇਵੀ ਕੰਮਾਂ ਲਈ ਦਿੱਤੇ



ਸੰਗਰੂਰ, 1 ਅਪ੍ਰੈਲ ( ਨਰੇਸ਼ ਬਾਗੀਆਂ ) ਸਮਾਜ ਸੇਵਾ, ਲੋਕ ਭਲਾਈ ਅਤੇ ਬਜ਼ੁਰਗਾਂ ਦੇ ਸਤਿਕਾਰ ਨੂੰ ਸਮਰਪਿਤ ਅਤੇ ਵੱਖ-ਵੱਖ ਸਰਕਾਰੀ, ਅਰਧ-ਸਰਕਾਰੀ ਵਿਭਾਗਾਂ ਵਿੱਚੋਂ ਸੇਵਾ ਮੁਕਤ ਹੋਏ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਸਮਾਜ ਸੇਵੀ ਸੰਸਥਾ ਸੰਗਰੂਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸ਼੍ਰੀ ਰਾਜ ਕੁਮਾਰ ਅਰੋੜਾ ਅਤੇ ਚੇਅਰਮੈਨ ਸ਼੍ਰੀ ਰਵਿੰਦਰ ਸਿੰਘ ਗੁੱਡੂ ਦੀ ਪ੍ਰੇਰਣਾ ਸਦਕਾ ਸ਼੍ਰੀ ਬਾਲਾ ਜੀ ਕੈਮ ਸਲਿਉਸ਼ਨ ਪ੍ਰਾ: ਲਿਮ: ਸੰਗਰੂਰ ਜੋ ਕਿ ਸਮੇਂ ਸਮੇਂ ਤੇ ਵਿੱਦਿਆ ਅਤੇ ਸਿਹਤ ਸਬੰਧੀ ਜਾਣਕਾਰੀ ਮੁਹੱਈਆ ਕਰਵਾ ਕੇ ਸਮਾਜ ਭਲਾਈ ਦੇ ਕੰਮ ਕਰ ਰਹੀ ਹੈ ਅਤੇ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਜਾਂਦੀ ਹੈ। ਇਸੇ ਲੜੀ ਵਜੋਂ ਅੱਜ ਸ਼੍ਰੀ ਬਾਲਾ ਜੀ ਕੈਮ ਸਲਿਉਸ਼ਨ ਦੇ ਡਾਇਰੈਕਟਰ ਨਵਜੋਤ ਬਾਤਿਸ਼, ਨਵਨੀਤ ਸਿੰਘ ਕੌਸ਼ਲ, ਜਸਪਾਲ ਸਿੰਘ ਗਰਚਾ ਵੱਲੋਂ ਸਥਾਨਕ ਡਾ. ਨਰਿੰਦਰ ਸਿੰਘ ਬਿਰਧ ਆਸ਼ਰਮ ਬਡਰੁੱਖਾਂ ਨੂੰ ਪ੍ਰਧਾਨ ਇੰਜ: ਬਲਦੇਵ ਸਿੰਘ ਗੋਸਲ ਰਾਹੀਂ ਦੋ ਲੱਖ ਰੁਪਏ ਦਾ ਚੈਕ ਅਤੇ ਆਲ ਇੰਡੀਆ ਪਿੰਗਲਵਾੜਾ ਸੁਸਾਇਟੀ ਬਰਾਂਚ ਸੰਗਰੂਰ ਨੂੰ ਪ੍ਰਸਾਸ਼ਕ ਅਤੇ ਟਰੱਸਟੀ ਪ੍ਰੋ: ਤਰਲੋਚਨ ਸਿੰਘ ਚੀਮਾ ਅਤੇ ਡਾ. ਹਰਜੀਤ ਸਿੰਘ ਅਰੋੜਾ ਰਾਹੀਂ ਢਾਈ ਲੱਖ (2 ਲੱਖ 50 ਹਜ਼ਾਰ) ਰੁਪਏ ਦਾ ਚੈਕ ਸੀ.ਐਸ.ਆਰ. ਤਹਿਤ ਸਮਾਜ ਪ੍ਰਤੀ ਆਪਣੀ ਜਿੰਮੇਵਾਰੀ ਨਿਭਾਉਂਦੇ ਹੋਏ ਦਿੱਤੇ ਗਏ। ਇਸ ਮੌਕੇ ਤੇ ਸੰਗਰੂਰ ਸੋਸ਼ਲ ਵੈਲਫੇਅਰ ਐਸੋਸੀਏਨ ਦੇ ਜ਼ਿਲ੍ਹਾ ਪ੍ਰਧਾਨ ਸ਼੍ਰੀ ਰਾਜ ਕੁਮਾਰ ਅਰੋੜਾ ਜੋ ਕਿ ਇਲਾਕੇ ਦੀਆਂ ਵੱਖ ਵੱਖ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨਾਲ ਜੁੜੇ ਹੋਏ ਹਨ, ਨੇ ਕਿਹਾ ਕਿ ਐਸੋਸੀਏਸ਼ਨ ਦੇ ਚੇਅਰਮੈਨ ਸ਼੍ਰੀ ਰਵਿੰਦਰ ਸਿੰਘ ਗੁੱਡੂ ਜੋ ਕਿ ਸਮਾਜ ਸੇਵੀ ਸੰਸਥਾ ਵਿੱਦਿਆ ਵੰਸ਼ ਦੇ ਵੀ ਚੇਅਰਮੈਨ ਹਨ, ਵੱਲੋਂ ਖੁਦ ਆਪਣੇ ਸਾਥੀਆਂ ਨਾਲ ਵੱਖ ਵੱਖ ਸਕੂਲਾਂ ਨਾਲ ਦੌਰਾ ਕਰਕੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਅਤੇ ਸਕੂਲਾਂ ਵਿੱਚ ਸ਼ੁੱਧ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਜਾਂਦਾ ਹੈ। ਸ਼੍ਰੀ ਰਾਜ ਕੁਮਾਰ ਅਰੋੜਾ ਨੇ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਅਤੇ ਲੋਕ ਭਲਾਈ ਦੇ ਕੰਮਾਂ ਲਈ ਸ਼ਲਾਘਾ ਕੀਤੀ। ਉਨ੍ਹਾਂ ਪਿੰਗਲਵਾੜਾ ਸ਼ਾਖਾ ਸੰਗਰੂਰ ਵੱਲੋਂ 24ਵਾਂ ਸਥਾਪਨਾ ਦਿਵਸ ਜੋ ਕਿ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਹੈ ਤੇ ਡਾ. ਇੰਦਰਜੀਤ ਕੌਰ, ਤਿਰਲੋਚਨ ਸਿੰਘ ਚੀਮਾ, ਹਰਜੀਤ ਸਿੰਘ ਅਰੋੜਾ ਅਤੇ ਹੋਰਨਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਇਸਦੇ ਨਾਲ ਹੀ ਡਾ. ਨਰਿੰਦਰ ਸਿੰਘ ਬਿਰਧ ਆਸ਼ਰਮ ਬਡਰੁੱਖਾਂ ਦੇ ਪ੍ਰਧਾਨ ਇੰਜ: ਬਲਦੇਵ ਸਿੰਘ ਗੋਸ਼ਲ ਜੋ ਕਿ ਸਾਲ 2010 ਤੋਂ ਬਜੁਰਗਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ ਅਤੇ ਬਿਰਧ ਆਸ਼ਰਮ ਵਿੱਚ ਰਹਿ ਰਹੇ ਬਜੁਰਗਾਂ ਦਾ ਹਰ ਤਰ੍ਹਾਂ ਨਾਲ ਖਿਆਲ ਰੱਖਦੇ ਹਨ। ਬਜੁਰਗਾਂ ਨੂੰ ਮੈਡੀਕਲ ਸਹੂਲਤਾਂ ਖਾਣਾ ਅਤੇ ਰਿਹਾਇਸ ਦਾ ਪੂਰਾ ਇੰਤਜ਼ਾਮ ਕੀਤਾ ਹੋਇਆ ਹੈ। ਇੰਜ: ਬਲਦੇਵ ਸਿੰਘ ਗੋਸਲ ਨੇ ਦੱਸਿਆ ਕਿ ਇਸ ਆਸ਼ਰਮ ਵਿੱਚ 35 ਬਜੁਰਗ ਜਿੰਨ੍ਹਾਂ ਵਿੱਚ 15 ਔਰਤਾਂ ਵੀ ਸ਼ਾਮਿਲ ਹਨ ਰਹਿ ਰਹੇ ਹਨ। ਇਹ ਆਸਰਮ ਦਾਨੀ ਸੱਜਣਾ ਦੇ ਸਹਿਯੋਗ ਨਾਲ ਚੱਲ ਰਿਹਾ ਹੈ। ਉਨ੍ਹਾਂ ਵੱਲੋਂ ਇਸ ਮੌਕੇ ਤੇ ਸਮਾਜ ਸੇਵੀ ਸ਼੍ਰੀ ਰਾਜ ਕੁਮਾਰ ਅਰੋੜਾ, ਨਵਨੀਤ ਕੌਸ਼ਲ, ਪੈਨਸ਼ਨਰ ਆਗੂ ਕੰਵਲਜੀਤ ਸਿੰਘ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਤੇ ਇੰਦਰਪਾਲ ਸਿੰਘ, ਹੇਮ ਰਾਜ ਅਤੇ ਲਖਵਿੰਦਰ ਕੌਰ ਮੌਜੂਦ ਸਨ।

### ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਬਟਾਲਾ ਪੁਲਿਸ ਤੇ ਬੀਐਸਐਫ ਵੱਲੋਂ ਸਾਂਝੇ ਤੌਰ 'ਤੇ ਕੱਢਿਆ ਫਲੈਗ ਮਾਰਚ

## ਚੋਣ ਜਾਬਤਾ ਦੀ ਉਲੰਘਣਾ ਤੇ ਚੋਣਾਂ ਨੂੰ ਪ੍ਰਭਾਵਿਤ ਕਰਨ ਵਾਲਿਆਂ ਨੂੰ ਕਿਸੇ ਕੀਮਤ 'ਤੇ ਬਖਸ਼ਿਆ ਨਹੀ ਜਾਵੇਗਾ: ਐਸ.ਐਸ.ਪੀ ਅਸ਼ਵਨੀ ਗੋਟਿਯਾਲ

- ਐਸ.ਐਸ.ਪੀ. ਅਸ਼ਵਨੀ ਗੋਟਿਯਾਲ ਨੇ ਬਟਾਲਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਲੋਕ ਸਭਾ ਚੋਣਾਂ ਨੂੰ ਸਾਂਤੀਪੂਰਵਕ ਢੰਗ ਨਾਲ ਨੇਪੜੇ ਚਾੜਣ ਲਈ ਪੁਲਿਸ ਪ੍ਰਸ਼ਾਸਣ ਦਾ ਸਹਿਯੋਗ ਦਿਓ। ਜੇਕਰ ਤੁਹਾਨੂੰ ਆਪਣੇ ਆਸ ਪਾਸ ਜਾ ਇਲਾਕੇ ਵਿੱਚ ਕੋਈ....









ਬਟਾਲਾ, 1 ਅਪ੍ਰੈਲ (ਰਮੇਸ਼ ਬਹਿਲ)- ਬਿਨ੍ਹਾ ਡਰ, ਨਿਰਪੱਖ ਤੇ ਸ਼ਾਂਤੀਪੂਰਵਕ ਚੋਣਾਂ ਨੂੰ ਲੈ ਕੇ ਸੋਮਵਾਰ ਨੂੰ ਪੈਰਾ ਮਿਲਟਰੀ ਫੋਰਸ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਬਟਾਲਾ ਸਹਿਰ ਦੇ ਵੱਖ ਵੱਖ ਖੇਤਰਾਂ 'ਚ ਫਲੈਗ ਮਾਰਚ ਕਰਦੇ ਹੋਏ ਆਮ ਜਨਤਾ ਨੂੰ ਨਿਡਰ ਹੋ ਕੇ ਵੋਟਿੰਗ ਕਰਨ ਦਾ ਅਪੀਲ ਕੀਤੀ। ਇਸ ਮੌਕੇ ਫਲੈਗ ਮਾਰਚ ਦੀ ਅਗਵਾਈ ਕਰ ਰਹੀ ਐਸ.ਐਸ.ਪੀ.ਅਸ਼ਵਨੀ ਗੋਟਿਯਾਲ ਨੇ ਕਿਹਾ ਚੋਣ ਜਾਬਤਾ ਦਾ ਉਲੰਘਨ ਹੋਣ ਜਾਂ ਫਿਰ ਅਸਮਾਜਿਕ ਅਨਸਰਾਂ, ਬਦਮਾਸ਼ਾ ਆਦਿ ਵੱਲੋਂ ਕੋਈ ਧਮਕੀ ਆਦਿ ਦੇਣ ਜਾਂ ਡਰਾਉਣ ਦੀ ਕੋਸ਼ਿਸ ਕਰਨ 'ਤੇ ਤੁਰੰਤ ਪੁਲਿਸ ਨੂੰ ਇਸਦੀ ਜਾਨਕਾਰੀ ਦੇਵੋ ਤੁਰੰਤ ਕਾਰਵਾਈ ਹੋਵੇਗੀ। ਗੌਰਤਲਬ ਹੈ ਕਿ ਲੋਕਸਭਾ ਚੋਣਾਂ ਨੂੰ ਦੇਖਦੇ ਹੋਏ ਚੋਣ ਜਾਬਤਾ ਦੇ ਨਿਯਮਾਂ ਨੂੰ ਲਾਗੂ ਕਰਵਾਉਣ ਲਈ ਪ੍ਰਸ਼ਾਸਨਿਕ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਤਿਆਰਿਆ ਸ਼ੁਰੂ ਕਰ ਦਿੱਤੀਆਂ ਹਨ। ਲੋਕ ਸਭਾ ਚੋਣਾਂ ਿਫ ਮੱਦੇਨਜ਼ਰ ਬਟਾਲਾ ਸ਼ਹਿਰ 'ਚ ਪੁਲਿਸ ਤੇ ਪੈਰਾ ਮਿਲਟਰੀ ਫੋਰਸ ਨੇ ਮਿਲ ਕੇ ਫਲੈਗ ਮਾਰਚ ਕੱਢਿਆ। ਸਾਂਝੀ ਫੋਰ ਨੇ ਸੰਘਣੀ ਆਬਾਦੀ ਤੇ ਸੰਵੇਦਨਸੀਲ ਇਲਾਕਿਆ ਤੋਂ ਗੁਜ਼ਰਦੇ ਹੋਏ ਅਮਸਾਜਿਕ ਅਨਸਰਾਂ ਨੂੰ ਸਖਤ ਸੰਦੇਸ ਦਿੱਤਾ ਕਿ ਚੋਣਾ ਪ੍ਰਭਾਵਿਤ ਕਰਨ ਦੀ ਕੋਸ਼ਿਸ ਕੀਤੀ ਤਾਂ ਖੈਰ ਨਹੀ ਤੇ ਨਾਲ ਹੀ ਆਮ ਜਨਤਾ ਨੂੰ ਇਹ ਵਿਸ਼ਵਾਸ ਦੁਆਇਆ ਕਿ ਨਿਡਰ ਹੋ ਕੇ ਵੋਟਿੰਗ ਕਰਨ। ਐਸ.ਐਸ.ਪੀ ਅਸ਼ਵਨੀ ਕੋਟਿਯਾਲ ਦੀ ਅਗਵਾਈ 'ਚ ਸਥਾਨਕ ਐਸ.ਐਸ.ਪੀ ਦਫ਼ਤਰ ਤੋਂ ਸ਼ੁਰੂ ਹੁੰਦਿਆਂ ਹੋਇਆ ਗਾਂਧੀ ਚੋਕ, ਸਿਟੀ ਰੋਡ, ਅੰਦਰੂਲ ਹੰਸਲੀ ਪੁਲ, ਨਹਿਰੂ ਗੇਟ, ਚੱਕਰੀ ਬਾਜ਼ਾਰ, ਠਠਿਆਰੀ ਗੇਟ, ਕਾਜੀ ਮੋਰੀ ਗੇਟ, ਹਾਥੀ ਗੇਟ, ਅੱਚਲੀ ਗੇਟ, ਕਪੂਰੀ ਗੇਟ, ਪਹਾੜੀ ਗੇਟ, ਖਜ਼ੂਰੀ ਗੇਟ, ਜੱਸਾ ਸਿੰਘ ਹਾਲ ਚੋਕ ਤੋਂ ਆਦਿ ਤੋਂ ਇਲਾਵਾ ਸ਼ਹਿਰ ਦੇ ਹੋਰ ਵੱਖ ਵੱਖ ਖੇਤਰਾਂ ਫਲੈਗ ਮਾਰਚ ਕੱਢਿਆ ਗਿਆ। ਇਸ ਮੌਕੇ ਐਸ.ਐਸ.ਪੀ. ਅਸ਼ਵਨੀ ਗੋਟਿਯਾਲ ਨੇ ਬਟਾਲਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਲੋਕ ਸਭਾ ਚੋਣਾਂ ਨੂੰ ਸਾਂਤੀਪੂਰਵਕ ਢੰਗ ਨਾਲ ਨੇਪੜੇ ਚਾੜਣ ਲਈ ਪੁਲਿਸ ਪ੍ਰਸ਼ਾਸਣ ਦਾ ਸਹਿਯੋਗ ਦਿਓ। ਜੇਕਰ ਤੁਹਾਨੂੰ ਆਪਣੇ ਆਸ ਪਾਸ ਜਾ ਇਲਾਕੇ ਵਿੱਚ ਕੋਈ ਅਸਮਾਜਿਕ ਗਤਿਵਿਧੀ ਜੋ ਕਿ ਲੋਕ ਸਭਾ ਚੋਣਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ ਨਜ਼ਰ ਆਉਂਦੀ ਹੈ ਤਾਂ ਇਸਦੀ ਜਾਣਕਾਰੀ ਤਰੁੰਤ ਪਲਿਸ ਦਿਓ ਤਾਂ ਜੋ ਸਮੇਂ ਰਹਿੰਦਿਆਂ ਉਸ 'ਤੇ ਕਾਬੂ ਪਾਇਆ ਜਾ ਸਕੇ। ਉਨ੍ਹਾ ਅਸਮਾਜਿਕ ਅਨਸਰਾਂ ਨੂੰ ਵੀ ਚੇਤਾਵਨੀ ਦਿੱਤੀ ਕਿ ਲੋਕ ਸਭਾ ਚੋਣਾ ਦੇ ਮੱਦੇਨਜ਼ਰ ਅਮਨ ਸਾਂਤੀ ਦੇ ਮਾਹੌਲ ਨੂੰ ਖਰਾਬ ਕਰਨ ਦੀ ਕੋਸਿਸ ਕੀਤੀ ਤਾਂ ਉਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਬਖਸਿਆ ਨਹੀ ਜਾਵੇਗਾ ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਫਲੈਗ ਮਾਰਚ 'ਚ ਐਸ.ਐਸ.ਪੀ. ਅਸ਼ਵਨੀ ਗੋਟਿਯਾਲ ਤੋਂ ਇਲਾਵਾ ਐਸਪੀ ਜਸਵੰਤ ਕੌਰ, ਡੀਐਸਪੀ ਯਸ਼ਪਾਲ ਸਿੰਘ, ਡੀਐਸਪੀ ਆਦ ਸਿੰਘ, ਐਸ.ਐਸ.ਓ ਯਾਦਵਿੰਦਰ ਸਿੰਘ, ਇੰਸਪੈਕਟਰ ਬੀਐਸਐਫ ਡੀਐਸ ਰਾਓ ?ਐਸ.ਐਚ.ਓ ਸਿਟੀ ਖੁਸਬੂ, ਐਸ ਐਚ ਓ ਟਰੈਫਿਕ ਆਰ.ਡੀ. ਸਿੰਘ, ਐਸ.ਐਚ.ਓ ਸੀਏ ਸਟਾਫ ਸੁਖਰਾਜ ਸਿੰਘ, ਸਬ ਇੰਸਪੈਕਟਰ ਦਿਲਰਾਜ ਸਿੰਘ ਤੋਂ ਇਲਾਵਾ ਭਾਰੀ ਸੰਖਿਆਂ 'ਚ ਪੁਲਿਸ ਮੁਲਾਜਮ ਤੇ ਬੀਐਸਐਫ ਦੇ ਮੁਲਾਜਮ ਮੌਜ਼ੂਦ ਸਨ।

## ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਸੰਗਰੂਰ ਪੁਲਿਸ ਨੇ ਕਰਵਾਈ ਐਥਲੈਟਿਕ ਮੀਟ

- ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਅਤੇ ਐਸ.ਐਸ.ਪੀ. ਸਰਤਾਜ ਸਿੰਘ ਚਾਹਲ ਵੱਲੋਂ ਜੇਤੂ ਖਿਡਾਰੀਆਂ ਨੂੰ ਤਮਗਿਆਂ ਦੇ ਨਾਲ-ਨਾਲ ਨਕਦ ਇਨਾਮੀ ਰਾਸ਼ੀ ਵੀ ਤਕਸੀਮ





ਸੰਗਰੂਰ, 1 ਅਪ੍ਰੈਲ: ( ਨਰੇਸ਼ ਬਾਗੀਆਂ)- ਜ਼ਿਲ੍ਹਾ ਪੁਲਿਸ ਵੱਲੋਂ ਪ੍ਰਸਾਸ਼ਨ ਦੇ ਸਹਿਯੋਗ ਨਾਲ ਅੱਜ ਸਥਾਨਕ ਵਾਰ ਹੀਰੋਜ਼ ਸਟੇਡੀਅਮ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਐਥਲੈਟਿਕ ਮੀਟ ਕਰਵਾਈ ਗਈ। ਇਸ ਐਥਲੈਟਿਕ ਮੀਟ ਤਹਿਤ ਲੜਕੇ ਅਤੇ ਲੜਕੀਆਂ ਲਈ ਟਰੈਕ ਦੇ ਵੱਖ-ਵੱਖ ਮੁਕਾਬਲੇ ਕਰਵਾਏ ਗਏ ਜਿਨ੍ਹਾਂ ਵਿੱਚ ਵੱਡੀ ਗਿਣਤੀ ਖਿਡਾਰੀਆਂ ਨੇ ਹਿੱਸਾ ਲਿਆ। ਇਸ ਮੌਕੇ ਜੇਤੂ ਖਿਡਾਰੀਆਂ ਨੂੰ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਅਤੇ ਐਸ.ਐਸ.ਪੀ. ਸਰਤਾਜ ਸਿੰਘ ਚਾਹਲ ਵੱਲੋਂ ਤਮਗਿਆਂ ਦੇ ਨਾਲ-ਨਾਲ ਨਕਦ ਇਨਾਮੀ ਰਾਸ਼ੀ ਵੀ ਵੰਡੀ ਗਈ। ਇਸ ਅਥਲੈਟਿਕ ਮੀਟ ਦੌਰਾਨ ਦਿਲਚਸਪ ਤੇ ਵਿਲੱਖਣ ਗੱਲ ਇਹ ਰਹੀ ਕਿ ਮੁਕਾਬਲਿਆਂ ਵਿੱਚ ਪਹਿਲੇ ਛੇ ਸਥਾਨਾਂ 'ਤੇ ਆਉਣ ਵਾਲੇ ਖਿਡਾਰੀਆਂ ਨੂੰ ਨਗਦ ਇਨਾਮ ਦਿੱਤੇ ਗਏ। ਇਸ ਮੌਕੇ ਬੋਲਦਿਆਂ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਭੈੜੇ ਪ੍ਰਕੋਪ ਤੋਂ ਬਚਾਉਣ ਲਈ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਫ਼ਸਣ ਤੋਂ ਬਚਾਉਣ ਅਤੇ ਉਨ੍ਹਾਂ ਦੀ ਊਰਜਾ ਸਹੀ ਪਾਸੇ ਲਗਾਉਣ ਲਈ ਖੇਡਾਂ ਬਹੁਤ ਚੰਗਾ ਉਪਰਾਲਾ ਹਨ। ਉਨ੍ਹਾਂ ਕਿਹਾ ਕਿ ਅਜਿਹੇ ਖੇਡ ਟੂਰਨਾਮੈਂਟ ਖੇਡਾਂ ਦੇ ਖੇਤਰ ਵਿੱਚ ਅਣਤਰਾਸ਼ੇ ਹੀਰਿਆਂ ਨੂੰ ਤਰਾਸ਼ ਕੇ ਅੰਤਰਰਾਸ਼ਟਰੀ ਪੱਧਰ ਦਾ ਖਿਡਾਰੀ ਬਣਾਉਣ ਵਿੱਚ ਅਹਿਮ ਰੋਲ ਅਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਖਿਡਾਰੀ ਨੂੰ ਖੇਡ ਸਬੰਧੀ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਿਕਲ ਆਉਂਦੀ ਹੋਵੇ ਤਾਂ ਮਾਮਲਾ ਤੁਰੰਤ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ ਤਾਂ ਜੋ ਸਮੱਸਿਆ ਦਾ ਢੁੱਕਵਾਂ ਹੱਲ ਕਰਵਾਉਣਾ ਯਕੀਨੀ ਬਣਾਇਆ ਜਾ ਸਕੇ। ਇਸ ਮੌਕੇ ਐਸ.ਐਸ.ਪੀ. ਸਰਤਾਜ ਸਿੰਘ ਚਾਹਲ ਨੇ ਕਿਹਾ ਕਿ ਜ਼ਿਲ੍ਹਾ ਪੁਲਿਸ ਵੱਲੋਂ ਨੌਜਵਾਨਾਂ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਲਗਾਤਾਰ ਸਕਾਰਾਤਮਕ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਨੌਜਵਾਨਾਂ ਦੀ ਹੌਂਸਲਾ ਅਫ਼ਜਾਈ ਲਈ ਭਵਿੱਖ ਵਿੱਚ ਅਜਿਹੀਆਂ ਗਤੀਵਿਧੀਆਂ ਹੋਰ ਵੀ ਵੱਡੇ ਪੱਧਰ ਉਤੇ ਕਰਵਾਈਆਂ ਜਾਣਗੀਆਂ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਵੀ ਨਾਗਰਿਕ ਨਸ਼ਿਆਂ ਬਾਰੇ ਕੋਈ ਵੀ ਜਾਣਕਾਰੀ ਪੁਲਿਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹੈ ਤਾਂ ਉਹ ਹੈਲਪਲਾਈਨ ਨੰਬਰ 112 ਉੱਪਰ ਸੂਚਨਾ ਦੇ ਸਕਦਾ ਹੈ। ਉਨ੍ਹਾਂ ਕਿਹਾ ਕਿ ਜਾਣਕਾਰੀ ਮੁਹੱਈਆ ਕਰਾਵਉਣ ਵਾਲੇ ਵਿਅਕਤੀ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸ.ਪੀ. ਨਵਰੀਤ ਸਿੰਘ ਵਿਰਕ, ਡੀ.ਐਸ.ਪੀ. ਗੁਰਮੁੱਖ ਸਿੰਘ, ਡੀ.ਐਸ.ਪੀ. ਜਤਿੰਦਰ ਸਿੰਘ ਗਿੱਲ, ਜ਼ਿਲ੍ਹਾ ਖੇਡ ਅਫ਼ਸਰ ਪਰਮਿੰਦਰ ਸਿੰਘ ਕਲਿਆਣ, ਇੰਸਪੈਕਟਰ ਸਿਮਰਨਜੋਤ ਸਿੰਘ, ਇੰਸਪੈਕਟਰ ਹਰਜੀਤ ਕੌਰ ਗਿੱਲ, ਸਮੂਹ ਕੋਚ, ਜ਼ਿਲ੍ਹਾ ਐਥਲੈਟਿਕ ਐਸੋਸੀਏਸ਼ਨ ਦੇ ਨੁਮਾਇੰਦੇ ਤੇ ਵੱਡੀ ਗਿਣਤੀ ਵਿੱਚ ਖਿਡਾਰੀ ਅਤੇ ਸਕੂਲਾਂ ਦੇ ਵਿਦਿਆਰਥੀ ਹਾਜ਼ਰ ਸਨ।

# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਮੰਗਲਵਾਰ, 2 ਅਪ੍ਰੈਲ 2024






ਜਸਕਰਨ ਸਿੰਘ ਕਾਹਨ ਸਿੰਘ ਵਾਲਾ ਵੱਲੋਂ ਲੋਕ ਸਭਾ ਹਲਕਾ ਸੰਗਰੂਰ ਤੋਂ ਚੋਣ ਮੁਹਿੰਮ ਦਾ ਆਗਾਜ਼

# ਮੁੱਖ ਮੰਤਰੀ ਦੀ ਸੰਗਰੂਰ ਰਿਹਾਇਸ਼ ਅੱਗੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸੌਂਪਿਆ ਮੰਗ ਪੱਤਰ

**ਆਗੂਆਂ ਨੇ ਮੁੱਖ ਮੰਤਰੀ ਦੀ ਸੰਗਰੂਰ ਰਿਹਾ ਅੱਗੇ ਜਾ ਕੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਇੱਕ ਮੰਗ ਪੱਤਰ ਹੇਠ ਵੀ ਸੌਂਪਿਆ ਜਿਸ ਵਿੱਚ ਸਿਹਤ ਸਹੂਲਤਾਂ ਨੂੰ ਬਿਲਕੁਲ ਫਰੀ ਕਰੋ,ਸਿੱਖਿਆ ਸਹੂਲਤਾਂ ਸਾਰਿਆਂ ਲਈ ਮੁਫ਼ਤ ਕਰੋ....**



ਸੰਗਰੂਰ,1 ਅਪ੍ਰੈਲ (ਨਰੇਸ਼ ਬਾਗੀਆਂ)- ਅੱਜ ਗੁਰਦੁਆਰਾ ਮਸਤੂਆਣਾ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਹਿ) ਦੇ ਪ੍ਰਧਾਨ ਅਤੇ ਹਲਕਾ ਸੰਗਰੂਰ ਤੋਂ ਲੋਕ ਸਭਾ ਦੇ ਉਮੀਦਵਾਰ ਸ. ਜਸਕਰਨ ਸਿੰਘ ਕਾਹਨ ਸਿੰਘ ਵਾਲਾ ਤੇ ਸੀਨੀਅਰ ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਨੇ ਸੰਗਤਾਂ ਸਮੇਤ ਅਰਦਾਸ ਬੇਨਤੀ ਕਰਕੇ ਚੋਣ ਮੁਹਿੰਮ ਦੀ ਸ਼ੁਰੂਆਤ ਕਰਨ ਉਪਰੰਤ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਕਾਂਗਰਸ,ਬਾਦਲ ਦਲ-ਬੀਜੇਪੀ ਸਰਕਾਰਾਂ ਨੇ ਸਮੇਂ-ਸਮੇ ਪੰਜਾਬ ਦੇ ਲੋਕਾਂ ਨਾਲ ਵੱਡੇ ਵਾਅਦੇ ਕੀਤੇ ਤੇ ਰਾਜ ਕਰਨ ਉਪਰੰਤ 75 ਸਾਲਾਂ ਵਿੱਚ ਕੁਝ ਨਹੀਂ ਬਣਾਇਆ ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀਆਂ ਬੇਅਦਬੀਆਂ ਹੋਈਆਂ,328 ਪਾਵਨ ਸਰੂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੇਨ ਧੁਰੇ ਵਿੱਚੋਂ ਗਾਇਬ ਹੋ ਗਏ ਜੋ ਅਜੇ ਤੱਕ ਲੱਭੇ ਨਹੀਂ ਤੇ ਨਾ ਹੀ ਦੋਸੀਆਂ ਖਿਲਾਫ ਖਿਲਾਫ ਕੋਈ ਮਾਮਲਾ ਦਰਜ ਹੋਇਆ,ਨਸ਼ੇ ਨਾਲ ਪੰਜਾਬ ਦੀ ਨੌਜਵਾਨੀ ਬਰਬਾਦ ਹੋ ਰਹੀ ਹੈ, ਸੂਬੇ ਦੇ ਪਾਣੀਆਂ ਦੀ ਗਿਣੀ-ਮਿਥੀ ਸਾਜਿਸ਼ ਰਾਹੀਂ ਲੁੱਟ ਕਰਵਾਈ ਜਾ ਰਹੀ ਹੈ,ਰਾਜ ਨੂੰ ਅਜੇ ਤੱਕ ਆਪਣੀ ਰਾਜਧਾਨੀ ਨਹੀਂ ਮਿਲ ਸਕੀ, ਪੰਜਾਬੀ ਮਾਂ ਬੋਲੀ ਦਾ ਵਿਕਾਸ ਨਹੀਂ ਹੋਇਆ ਤੇ ਉਸਨੂੰ ਜਾਣਬੁੱਝ ਕੇ ਅੱਖੋਂ ਪਰੋਖੇ ਕੀਤਾ ਗਿਆ ਹੈ ਤੇ ਅੱਜ ਵੀ ਨਿਰੰਤਰ ਜਾਰੀ ਹੈ।ਸਾਡੀਆਂ ਫਸਲਾਂ ਦੇ ਭਾਅ ਦੇ ਹੈਡ-ਵਰਕਸਾਂ ਤੇ ਦਿੱਲੀ ਦੀ ਸੈਂਟਰ ਹਕੂਮਤ ਨੇ ਕਬਜ਼ੇ ਕਰ ਲਏ ਹਨ।ਸਾਡੀ ਇੰਡਸਟਰੀ ਬਾਹਰਲੇ ਸੂਬਿਆਂ ਗੁਜਰਾਤ ਹਿਮਾਚਲ ਤੇ ਦਿੱਲੀ ਵਿੱਚ ਭੇਜ ਕੇ ਬਰਬਾਦ ਕਰ ਦਿੱਤੀ ਹੈ,ਪੰਜਾਬ ਦੀ ਹੱਦ ਨਾਲ ਲੱਗਦੇ ਪਾਕਿਸਤਾਨ-ਇੰਡੀਆ ਕੌਮਾਂਤਰੀ ਬਾਰਡਰ ਅਟਾਰੀ ਸ੍ਰੀ (ਅੰਮ੍ਰਿਤਸਰ ਸਾਹਿਬ)ਹੁਸੈਨੀਵਾਲਾ (ਫਿਰੋਜ਼ਪੁਰ)ਤੇ ਸੁਲੇਮਾਨਕੀ(ਫਾਜਿਲਕਾ) ਬੰਦ ਕਰਕੇ ਪੰਜਾਬ ਦੇ ਵਪਾਰੀਆਂ, ਕਿਸਾਨਾਂ ਅਤੇ ਮਜ਼ਦੂਰਾਂ ਦੀ ਕਮਰ ਤੋੜ ਦਿੱਤੀ ਹੈ ਜਦੋਂ ਕਿ ਨੇਪਾਲ ਤੇ ਬੰਗਲਾਦੇਸ਼ ਦੇ ਬਾਰਡਰ ਖੋਲ੍ਹ ਕੇ ਪੰਜਾਬ ਦੇਸ਼ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ।ਜਿਸ ਕਾਰਨ ਪੰਜਾਬ ਦੀ ਟਰਾਂਸਪੋਰਟ ਤਬਾਹ ਹੋ ਗਈ ਹੈ ਤੇ ਨੌਜਵਾਨੀ ਦੀ ਰੁਜਗਾਰ ਨਾ ਹੋਣ ਕਾਰਣ ਹਿਜਰਤ ਹੋ ਰਹੀ ਹੈ ਤੇ ਕਿ ਐਸਵਾਈਐਲ ਦਾ ਮੁੱਦਾ ਜਾਣਬੁੱਝ ਕੇ ਉਠਾਇਆ ਜਾ ਰਿਹਾ। ਇਸ ਮੌਕੇ ਆਗੂਆਂ ਨੇ ਮੁੱਖ ਮੰਤਰੀ ਦੀ ਸੰਗਰੂਰ ਰਿਹਾ ਅੱਗੇ ਜਾ ਕੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਇੱਕ ਮੰਗ ਪੱਤਰ ਹੇਠ ਵੀ ਸੌਂਪਿਆ ਜਿਸ ਵਿੱਚ ਸਿਹਤ ਸਹੂਲਤਾਂ ਨੂੰ ਬਿਲਕੁਲ ਫਰੀ ਕਰੋ,ਸਿੱਖਿਆ ਸਹੂਲਤਾਂ ਸਾਰਿਆਂ ਲਈ ਮੁਫ਼ਤ ਕਰੋ, ਕਿਸਾਨਾਂ ਮਜ਼ਦੂਰਾਂ ਤੇ ਦੁਕਾਨਦਾਰਾਂ ਦੇ ਸਾਰੇ ਕਰਜੇ ਮੁਆਫ ਕਰੋ,ਪੰਜਾਬ ਨੂੰ ਤੁਰੰਤ ਨਸ਼ਾ ਮੁਕਤ ਕਰੋ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰੋ ਐਸਜੀਪੀਸੀ ਵਿੱਚੋਂ 328 ਸਰੂਪ ਚੋਰੀ ਕਰਨ ਤੇ ਕਰਾਉਣ ਵਾਲਿਆਂ ਤੇ ਫੌਜਦਾਰੀ ਮੁਕਦਮੇ ਤੁਰੰਤ ਦਰਜ ਕਰੋ,ਭੰਗ ਕੀਤੀਆਂ ਪੰਜਾਬ ਦੀਆਂ ਸਾਰੀਆਂ ਯੂਨੀਅਨਾਂ ਜੋ ਕੈਪਟਨ ਸਰਕਾਰ ਨੇ ਤੋੜੀਆਂ ਸਨ ਉਹਨਾਂ ਨੂੰ ਦੁਬਾਰਾ ਬਹਾਲ ਕਰੋ, ਬੀਬੀਆਂ ਦੀ 2000 ਰੁਪਏ ਪੈਨਸ਼ਨ ਨਾਲ 1000 ਮਾਣ-ਭੱਤਾ ਲਾਗੂ ਕਰੋ, ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਉਪੱਰ ਐਨ ਐਸ ਏ ਦੇ ਕੇਸ ਪਾ ਕੇ ਡਿਬਰੂਗੜ੍ਹ(ਅਸਾਮ)ਦੀ ਜੇਲ੍ਹ ਵਿੱਚ ਭੇਜਿਆ ਹੈ, ਉਹਨਾਂ ਨੂੰ ਪੰਜਾਬ ਦੀ ਕਿਸੇ ਜੇਲ ਤਬਦੀਲ ਕੀਤਾ ਜਾਵੇ, ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਸਮੇਤ ਸਾਰੇ ਸਾਥੀਆਂ ਨੂੰ ਰਿਹਾ ਕੀਤਾ ਜਾਵੇ ਮੰਗਾਂ ਸਾਮਲ ਸਨ ।ਇਸ ਮੌਕੇ ਸੁਖਚੈਨ ਸਿੰਘ ਅਤਲਾ ਜਨਰਲ ਸਕੱਤਰ,ਬਿਕਰਮਜੀਤ ਸਿੰਘ ਰਾਓ ਜ਼ਿਲ੍ਹਾ ਪ੍ਰਧਾਨ ਸੰਗਰੂਰ,ਜੈ ਸਿੰਘ ਭਾਦੜਾ ਜ਼ਿਲ੍ਹਾ ਪ੍ਰਧਾਨ ਯੂਥ ਮਾਨਸਾ ,ਸੂਬੇਦਾਰ ਜਗਦੇਵ ਸਿੰਘ ਰਾਏਪੁਰ ਇੰਚਾਰਜ ਮਾਲਵਾ ਜੋਨ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ।

ਪਿੰਗਲਵਾੜਾ ਸ਼ਾਖਾ ਸੰਗਰੂਰ ਦਾ ਸਥਾਪਨਾ ਦਿਵਸ ਸ਼ਰਧਾ ਨਾਲ ਮਨਾਇਆ ਗਿਆ

# ਭਗਤ ਪੂਰਨ ਸਿੰਘ ਜੀ ਦੇ ਉਪਦੇਸ਼ਾਂ ਨੂੰ ਅਪਨਾਉਣ ਦੀ ਲੋੜ ਤੇ ਦਿੱਤਾ ਜ਼ੋਰ



ਸੰਗਰੂਰ, 1 ਅਪ੍ਰੈਲ ( ਨਰੇਸ਼ ਬਾਗੀਆਂ)-ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸਥਾਪਿਤ ਪਿੰਗਲਵਾੜਾ ਸ਼ਾਖਾ ਸੰਗਰੂਰ ਦਾ 24 ਵਾਂ ਸਥਾਪਨਾ ਦਿਵਸ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਡਾ ਇੰਦਰਜੀਤ ਕੌਰ, ਤਰਲੋਚਨ ਸਿੰਘ ਚੀਮਾ,ਹਰਜੀਤ ਸਿੰਘ ਅਰੋੜਾ,ਮਾਸਟਰ ਸਤਪਾਲ ਸ਼ਰਮਾ , ਹੈੱਡ ਮਾਸਟਰ ਮੁਖਤਿਆਰ ਸਿੰਘ ਦੀ ਦੇਖ ਰੇਖ ਹੇਠ ਮਨਾਇਆ ਗਿਆ। ਰਾਜਵਿੰਦਰ ਸਿੰਘ ਲੱਕੀ ਤੇ ਸਮਰਪ੍ਰੀ ਸਿੰਘ ਦੁਆਰਾ ਖੂਬਸੂਰਤ ਦਿੱਖ ਵਾਲੀ ਸਟੇਜ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨੂੰ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸੰਗਤਾਂ ਵੱਲੋਂ ਸੁਸ਼ੋਭਿਤ ਕੀਤਾ ਗਿਆ। ਉਪਰੰਤ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਇਸਤਰੀ ਸਤਿਸੰਗ ਸਭਾਵਾਂ ਵੱਲੋਂ ਸੰਗਤੀ ਰੂਪ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਅਤੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਸੁਰਿੰਦਰ ਪਾਲ ਸਿੰਘ ਸਿਦਕੀ ਨੇ ਸ਼ਾਖਾ ਸੰਗਰੂਰ ਦੇ ਪ੍ਰਬੰਧਾਂ ਅਤੇ ਸੇਵਾਵਾਂ ਬਾਰੇ ਦਸਦੇ ਹੋਏ ਸਵਾਗਤੀ ਸ਼ਬਦ ਕਹੇ। ਪਿੰਗਲਵਾੜਾ ਪਰਿਵਾਰ ਦੇ ਜੂਨੀਅਰ , ਸੀਨੀਅਰ ਗਰੁੱਪ ਦੇ ਵਿਦਿਆਰਥੀਆਂ, ਜਤਿੰਦਰ ਸਿੰਘ ਦੇ ਜਥੇ ਅਤੇ ਭਗਤ ਪੂਰਨ ਸਿੰਘ ਗੁਰਮਤਿ ਕਾਲਜ ਰੋਹਣੋਂ ਦੇ ਵਿਦਿਆਰਥੀਆਂ , ਸਹਿਰਾਜ ਸਿੰਘ ਬਾਲੀਆਂ ਵੱਲੋਂ ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ। ਰਾਜਵੀਰ ਸਿੰਘ ਪਿੰਗਲਵਾੜਾ ਟਰਸਟੀ ਦੇ ਮੰਚ ਸੰਚਾਲਨ ਦੌਰਾਨ ਪ੍ਰਸਿੱਧ ਵਿਦਵਾਨ ਤੇ ਚਿੰਤਕ ਪਿਆਰੇ ਲਾਲ ਗਰਗ, ਪ੍ਰਸਿੱਧ ਚਿੰਤਕ ਹਮੀਰ ਸਿੰਘ, ਪ੍ਰੋ ਗੁਰਨੈਬ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ , ਡਾ: ਅਮਰਜੀਤ ਸਿੰਘ ਮਾਨ , ਨੇ ਕਿਹਾ ਕਿ ਕਾਰਪੋਰੇਟ ਮਾਡਲ, ਵਿਕਾਸ ਦੇਸ਼ ਅੰਦਰ ਕਿਰਤੀਆਂ ਨੂੰ ਹੋਰ ਕੰਗਾਲ ਬਨਾਉਣ ਦੇ ਨਾਲ ਨਾਲ ਪੰਜਾਬ ਦੇ ਵਾਤਾਵਰਨ ਨੂੰ ਮੁਢੋਂ ਵਿਗਾੜ ਦੇਵੇਗਾ।ਆਪ ਨੇ ਭਗਤ ਜੀ ਦੇ ਉਪਦੇਸ਼ਾਂ ਨੂੰ ਅਪਨਾਉਣ ਦੀ ਲੋੜ ਤੇ ਜ਼ੋਰ ਦਿੱਤਾ ਅਤੇ ਇਹ ਵੀ ਕਿਹਾ ਕਿ ਗ੍ਰਾਮ ਪੰਚਾਇਤ ਦੇ ਸੰਵਿਧਾਨ ਨੂੰ ਲਾਗੂ ਕਰਕੇ ਲੋਕਤੰਤਰ ਨੂੰ ਤਕੜਾ ਕਰਨਾ ਸਮੇਂ ਦੀ ਲੋੜ ਹੈ। ।ਪ੍ਰਸਿੱਧ ਕਲਾਕਾਰ ਪੰਮੀ ਬਾਈ ਅਤੇ ਬਾਬੂ ਪ੍ਰਕਾਸ਼ ਚੰਦ ਗਰਗ ਨੇ ਡਾ ਇੰਦਰਜੀਤ ਕੌਰ ਦੀ ਅਗਵਾਈ ਵਿੱਚ ਪਿੰਗਲਵਾੜਾ ਵਿਰਾਸਤ ਨੂੰ ਸੰਭਾਲਣ ਦੇ ਕਾਰਜਾਂ ਦਾ ਜਿਕਰ ਕੀਤਾ ਅਤੇ ਭਾਵਪੂਰਤ ਵਿਚਾਰ ਸਾਂਝੇ ਕੀਤੇ ।ਪਰਮਿੰਦਰ ਸਿੰਘ ਢੀਂਡਸਾ, ਬਾਬੂ ਪ੍ਰਕਾਸ਼ ਚੰਦ ਗਰਗ, ਹਰਪ੍ਰੀਤ ਕੌਰ ਬਰਨਾਲਾ ਪ੍ਰਸਿੱਧ ਸਮਾਜ ਸੇਵੀ ਡਾ ਅਮਰਜੀਤ ਸਿੰਘ ਮਾਨ, ਪ੍ਰਿੰਸੀਪਲ ਗੁਰਮੀਤ ਕੌਰ ਭੱਠਲ ਆਦਿ ਨੇ ਸੰਗਰੂਰ ਸ਼ਾਖਾ ਵਿੱਚ ਮਰੀਜ਼ਾਂ ਦੀ ਸੇਵਾ ਸੰਭਾਲ ਦੇ ਸਿਹਤ ਦੇ ਕੀਤੇ ਜਾ ਸੁਚੱਜੇ ਪ੍ਰਬੰਧਾਂ ਦੀ ਸ਼ਲਾਘਾ ਕਰਦੇ ਕੀਤੀ ਅਤੇ ਇਲਾਕ.ਾ ਨਿਵਾਸੀਆਂ ਨੂੰ ਯੋਗਦਾਨ ਪਾਉਣ ਲਈ ਕਿਹਾ। ਡਾਕਟਰ ਇੰਦਰਜੀਤ ਕੌਰ ਨੇ ਭਗਤ ਪੂਰਨ ਸਿੰਘ ਜੀ ਦੀਆਂ ਯਾਦਾਂ ਦੀ ਸਾਂਝ ਪਾਉਂਦੇ ਹੋਏ ਆਪਣੇ ਮਾਤਾ ਪਿਤਾ ਵੱਲੋਂ ਮਿਲੇ ਸੇਵਾ ਸਿਮਰਨ ਦੀ ਪ੍ਰੇਰਨਾ ਦਾ ਵਿਸ਼ੇਸ਼ ਜ਼ਿਕਰ ਕੀਤਾ। ਆਪ ਨੇ ਗੁਰਬਾਣੀ ਦੀ ਰੌਸ਼ਨੀ ਵਿੱਚ ਭਗਤ ਪੂਰਨ ਸਿੰਘ ਦੀਆਂ ਪ੍ਰੇਰਨਾਵਾਂ ਨੂੰ ਅਪਣਾ ਕੇ ਮਨੁੱਖਤਾ, ਪਸ਼ੂ ਪੰਛੀਆਂ ਨੂੰ ਪਿਆਰ ਕਰਨ, ਵਾਤਾਵਰਨ ਦੀ ਸੰਭਾਲ ਅਤੇ ਲੋੜਵੰਦਾਂ ਨੂੰ ਸੰਭਾਲਣ ਦਾ ਸੰਦੇਸ਼ ਦਿੰਦੇ ਹੋਏ ਧੰਨਵਾਦੀ ਸ਼ਬਦ ਕਹੇ। ।ਇਸ ਮੌਕੇ ਤੇ ਕਵੀ ਸੁਰਜੀਤ ਸਿੰਘ ਮੌਜੀ ਨੇ ਭਗਤ ਪੂਰਨ ਸਿੰਘ ਜੀ ਨੂੰ ਸਮਰਪਿਤ ਆਪਣੀ ਪੁਸਤਕ ਪ੍ਰਬੰਧਕਾਂ ਨੂੰ ਭੇਂਟ ਕੀਤੀ। ਬੀਬੀ ਇੰਦਰਜੀਤ ਕੌਰ, ਪਿੰਗਲਵਾੜਾ ਟਰਸੱਟ ਸ੍ਰੀ ਅੰਮ੍ਰਿਤਸਰ ਵੱਲੋਂ ਪਰਮਿੰਦਰ ਸਿੰਘ ਭੱਟੀ, ਡਾ ਦੀਪਕ ਸਿੰਘ, ਨਰਿੰਦਰ ਸਿੰਘ ਸੋਹਲ, ਯੁਗੇਸ਼ ਸੂਰੀ, ਸੁਰਿੰਦਰ ਕੌਰ ਭੱਟੀ, ਗੁਰਪ੍ਰੀਤ ਕੌਰ, ਹਰਤੇਜਪਾਲ ਕੌਰ ਹਰਜੀਤ ਸਿੰਘ ਅਰੋੜਾ, ਪ੍ਰੀਇੰਦਰ ਕੌਰ ਦੇ ਨਾਲ ਸੁਰਿੰਦਰ ਪਾਲ ਸਿੰਘ ਸਿਦਕੀ, ਰਾਜਵਿੰਦਰ ਸਿੰਘ ਲੱਕੀ, ਪ੍ਰੋ ਸੰਤੋਖ ਕੌਰ ਆਦਿ ਨੇ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ। ਮੇਜਰ ਸਿੰਘ ਮਸਾਣੀ ਨੇ ਇਲਾਕੇ ਦੇ ਪਿੰਡਾਂ ਵੱਲੋਂ ਵੱਖ ਵੱਖ ਪ੍ਰਬੰਧਾਂ ਲਈ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਸਮਾਗਮ ਲਈ ਸੰਤ ਅਤਰ ਸਿੰਘ ਗੁਰਮਤਿ ਕਾਲਜ, ਬਾਬਾ ਸਾਹਿਬ ਦਾਸ ਸੇਵਾ ਦੱਲ, ਮਨੋਜ ਕੁਮਾਰ ਸਲਾਈਟ, ਡਾ ਜਗਦੀਪ ਸਿੰਘ ਜੈਨਪੁਰ, ਨਾਜਰ ਸਿੰਘ, ਕੁਲਵੰਤ ਸਿੰਘ , ਸੁਖਦੇਵ ਸਿੰਘ, ਜਗਾ ਸਿੰਘ, ਹਰੀ ਸਿੰਘ, ਧਾਰੀਵਾਲ ਗਰੁੱਪ , ਸੁਖਦਰਸ਼ਨ ਸਿੰਘ, ਕੁਲਵੰਤ ਸਿੰਘ ਅਕੋਈ, ਮੁੱਖ ਦਫਤਰ ਸ੍ਰੀ ਅੰਮ੍ਰਿਤਸਰ ਵੱਲੋਂ ਦਲਵਿੰਦਰ ਸਿੰਘ, ਸੰਦੀਪ ਸਿੰਘ, ਨਿਸ਼ਾਨ ਸਿੰਘ, ਰਾਜਵਿੰਦਰ ਸਿੰਘ, ਗੁਰਪ੍ਰੀ ਕੌਰ ਅਤੇ ਹੋਰ ਇਲਾਕੇ ਦੀ ਪੰਚਾਇਤਾਂ, ਸੰਸਥਾਵਾਂ ਨੇ ਵੱਖ ਵੱਖ ਸੇਵਾਵਾਂ ਨਿਭਾਈਆਂ। ਰਣਜੀਤ ਆਈ ਹਸਪਤਾਲ ਵੱਲੋਂ ਵਿਸ਼ੇਸ਼ ਕਾਊਂਟਰ ਲਗਾਇਆ ਗਿਆ ।ਕੈਪਟਨ ਨਰਿੰਦਰ ਸਿੰਘ ਭੱਠਲ, ਜੋਗਾ ਸਿੰਘ ਫੱਗੂਵਾਲਾ, ਗੁਲਜ਼ਾਰ ਸਿੰਘ ਕੱਟੂ, ਰਾਜ ਕੁਮਾਰ ਅਰੋੜਾ, ਓ ਪੀ ਅਰੋੜਾ, ਪਰਮਿੰਦਰ ਕੌਰ ਸਿਵਲ ਸਰਜਨ, ਰੁਪਿੰਦਰਜੀਤ ਕੌਰ, ਡਾ ਮੱਘਰ ਸਿੰਘ, ਡਾ ਨਿਰਮਲ ਸਿੰਘ, ਇੰਦਰਜੋਤ ਕੌਰ, ਡਾ ਅਮਨਪ੍ਰੀਤ ਕੌਰ, ਡਾ ਇੰਦਰਮਨਜੋਤ ਸਿੰਘ, ਡਾ ਤਾਰਨ ਸਿੰਘ ਐਡਵੋਕੇਟ, ਡਾ ਸਤਵੀਰ ਸਿੰਘ,ਡਾ ਇੰਦਰਾਜੋਤ ਕੌਰ, ਗੁਰਤੇਗ ਸਿੰਘ ਐਡਵੋਕੇਟ ਲੌਂਗੋਵਾਲ, ਕੁਲਵੀਰ ਸਿੰਘ ਕਮਾਲਪੁਰ, ਗਿਆਨੀ ਗੁਰਬਚਨ ਸਿੰਘ, ਮਾਸਟਰ ਇੰਦਰਪਾਲ ਸਿੰਘ, ਕਲੀ ਰਾਮ ਗਰਗ, ਹਰਜੀਤ ਸਿੰਘ ਢੀਂਗਰਾ, ਕੁਲਵੰਤ ਸਿੰਘ ਨਾਗਰੀ, ਅਜਮੇਰ ਸਿੰਘ ਫਤਿਹਗੜ੍ਹ , ਗੁਲਜ਼ਾਰ ਸਿੰਘ, ਕਰਤਾਰ ਸਿੰਘ , ਹਰਵਿੰਦਰ ਸਿੰਘ ਪੱਪੂ, ਹਰਵਿੰਦਰ ਕੌਰ , ਅਮਨਦੀਪ ਕੌਰ, ਸੁਰਿੰਦਰ ਕੌਰ, ਮਧੂ ਸ਼ਰਮਾ, ਹਰਪਾਲ ਸਿੰਘ, ਚਰਨਜੀਤ ਪਾਲ ਸਿੰਘ, ਡਾ ਸੁਖਵਿੰਦਰ ਸਿੰਘ ਲਾਈਫ ਗਾਰਡ ਇੰਸਟੀਚਿਊਟ, ਕੁਲਵਿੰਦਰ ਕੌਰ ਢੀਂਗਰਾ, ਰਾਜਪ੍ਰੀ ਕੌਰ ਬਰਾੜ, ਕੁਲਵੀਰ ਸਿੰਘ ਕਮਾਲਪੁਰ , ਸੁਰਜੀਤ ਸਿੰਘ ਜਿਲਾ ਪ੍ਰਧਾਨ ਕਿਸਾਨ ਯੂਨੀਅਨ ਸਿੱਧੂਪੁਰ, ਬਹਾਦਰ ਸਿੰਘ , ਕਰਨੈਲ ਸਿੰਘ, ਸਵਰਨ ਸਿੰਘ ਰਾਜੇਵਾਲ , ਰਾਜਿੰਦਰ ਸਿੰਘ ਚੰਗਾਲ, ਬਲਵੰਤ ਸਿੰਘ ਚੰਗਾਲ, ਨਿਹਾਲ ਸਿੰਘ ਮੰਗਵਾਲ, ਰਾਜੇਸ਼ ਕੁਮਾਰ, ਸੁਖਦਰਸ਼ਨ ਸਿੰਘ ਢਿੱਲੋਂ ,ਰਾਮ ਪ੍ਰਕਾਸ਼ ਸਿੰਘ, ਜਰਨੈਲ ਸਿੰਘ, ਬਲਵੰਤ ਸਿੰਘ, ਗਿਆਨੀ ਗੁਰਦੇਵ ਸਿੰਘ ਪਾਤੜਾਂ,ਗੁਰਲਾਭ ਕੌਰ, ਸੁਰਿੰਦਰ ਕੌਰ ਆਦਿ ਸਮੇਤ ਸ਼ਹਿਰ ਅਤੇ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਇਸ ਮੌਕੇ ਤੇ ਪਿੰਗਲਵਾੜਾ ਪਰਿਵਾਰ ਵੱਲੋਂ ਹੱਥੀਂ ਤਿਆਰ ਕੀਤੀਆਂ ਕਲਾਂ ਕਿਰਤਾਂ ਅਤੇ ਭਗਤ ਪੂਰਨ ਸਿੰਘ ਜੀ ਦੇ ਜੀਵਨ ਇਤਿਹਾਸ ਸਬੰਧੀ ਲਗਾਈ ਪ੍ਰਦਰਸ਼ਨੀ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ। ਸਮਾਗਮ ਦੌਰਾਨ ਵੱਖ ਵੱਖ ਮਿਠਿਆਈਆਂ, ਲੱਸੀ, ਚਾਹ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

## ਇੱਕ ਨਜ਼ਰ



### ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਹੋਈ

ਸੰਗਰੂਰ, 1 ਅਪ੍ਰੈਲ (ਨਰੇਸ਼ ਬਾਗੀਆਂ)- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਜ਼ਿਲ੍ਹਾ ਸੰਗਰੂਰ ਦੀ ਮੀਟਿੰਗ ਜਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਦੀ ਅਗਵਾਈ ਹੇਠ ਹੋਈ। ਅੱਜ ਮੀਟਿੰਗ ਨੂੰ ਸੂਬਾ ਆਗੂ ਜਨਕ ਸਿੰਘ ਭੁਟਾਲ ਅਤੇ ਜਗਤਾਰ ਸਿਘ ਕਾਲਾਝਾੜ ਨੇ ਵਿਸ਼ੇਸ਼ ਤੌਰ ਤੇ ਸੰਬੋਧਨ ਕੀਤਾ ।ਇਸ ਮੌਕੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਜੋ ਪੰਜਾਬ ਦੀਆਂ 26 ਮਾਰਕੀਟ ਕਮੇਟੀਆਂ ਅੰਬਾਨੀਆ ਅਡਾਨੀਆ ਨੂੰ ਵੇਚ ਦਿੱਤੀਆਂ ਹਨ। ਪੰਜਾਬ ਸਰਕਾਰ ਅੰਬਾਨੀਆ ਅਡਾਨੀਆ ਦੇ ਇਸ਼ਾਰਿਆਂ ਤੇ ਪੰਜਾਬ ਦੀਆਂ ਸਰਕਾਰੀ ਮੰਡੀਆਂ ਨੂੰ ਵੇਚਣ ਜਾ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਫ਼ੈਸਲਾ ਕਿਸੇ ਵੀ ਕੀਮਤ ਉਤੇ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਇਸ ਲਈ ਮਿਤੀ 2-04-2024 ਨੂੰ ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੂੰ ਜ਼ਿਲਾ ਪੱਧਰੀ ਮੰਗ ਪੱਤਰ ਦਿੱਤਾ ਜਾਵੇਗਾ ।ਜੇਕਰ ਇਹ ਫੈਸਲਾ ਲਾਗੂ ਹੁੰਦਾ ਹੈ ਤਾਂ ਇਸ ਦੀ ਬਹੁਤ ਵੱਡੀ ਸੱਟ ਹਰ ਵਰਗ ਨੂੰ ਲਗੇਗੀ। ਪੰਜਾਬ ਸਰਕਾਰ ਨੇ ਅੰਬਾਨੀਆ ਅਡਾਨੀਆ ਦੇ 9 ਵੱਡੇ ਸੀਲੋ ਗੁਦਾਮਾ ਨੂੰ ਸੱਤ ਲੱਖ ਪੱਚੀ ਹਜ਼ਾਰ ਟਨ ਕਣਕ ਸਿੱਧਾ ਵੇਚਣ ਦਾ ਫੈਸਲਾ ਕੀਤਾ ਹੈ ।ਜਿਸ ਨਾਲ ਟਰੱਕ ਅਪਰੇਟਰਾਂ, ਮਜ਼ਦੂਰਾਂ,ਅਤੇ ਮੰਡੀ ਮਜ਼ਦੂਰਾਂ ਦੇ ਰੋਜ਼ਗਾਰ ਉੱਤੇ ਭਾਰੀ ਸੱਟ ਪਵੇਗੀ ।ਜੇਕਰ ਪੰਜਾਬ ਸਰਕਾਰ ਨੇ ਇਹ ਕਾਨੂੰਨ ਵਾਪਿਸ ਨਾਂ ਲਏ ਤਾਂ ਪੰਜਾਬ ਸਰਕਾਰ ਨੂੰ ਇਸਦਾ ਗੰਭੀਰ ਖਮਿਆਜ਼ਾ ਭੁਗਤਣਾ ਪਵੇਗਾ ।ਇਸ ਮੌਕੇ ਸੁਨਾਮ ਬਲਾਕ ਦੇ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ, ਜ਼ਿਲ੍ਹਾ ਆਗੂ ਬਹਾਲ ਸਿੰਘ ਢੀਂਡਸਾ, ਸੁਨਾਮ ਬਲਾਕ ਦੇ ਸੁਖਪਾਲ ਮਾਣਕ ਕਣਕਵਾਲ,ਰਾਮ ਸਰਨ ਉਗਰਾਹਾਂ, ਸੰਗਰੂਰ ਬਲਾਕ ਦੇ ਰਣਜੀਤ ਸਿੰਘ ਲੌਂਗੋਵਾਲ, ਜਗਤਾਰ ਲੱਡੀ, ਕਰਮਜੀਤ ਮੰਗਵਾਲ,ਧੂਰੀ ਬਲਾਕ ਦੇ ਹਰਬੰਸ ਸਿੰਘ ਲੱਡਾ,ਰਾਮ ਸਿੰਘ ਕਕੜਵਾਲ, ਦਿੜਬਾ ਦੇ ਭਰਭੂਰ ਸਿੰਘ ਮੌੜਾਂ, ਨੈਬ ਸਿੰਘ ਗੁੱਜਰਾਂ,ਲੈਹਰਾ ਬਲਾਕ ਦੇ ਕਰਨੈਲ ਸਿੰਘ ਗਨੋਟਾ, ਭਵਾਨੀਗੜ੍ਹ ਬਲਾਕ ਦੇ ਮਨਜੀਤ ਸਿੰਘ ਘਰਾਚੋਂ,ਮੂਣਕ ਬਲਾਕ ਦੇ ਸੁਖਦੇਵ ਸਿੰਘ ਆਦਿ ਹਾਜਰ ਸਨ।

### ਐਸ.ਡੀ.ਐਮ ਅਤੇ ਡੀ.ਐਸ.ਪੀ ਪੱਟੀ ਦੀ ਅਗਵਈ ਹੇਠ ਪੂਲਿਸ ਅਤੇ ਕੇਂਦਰੀ ਸੁਰੱਖਿਆ ਬਲ ਨੇ ਚੋਣਾ ਦੇ ਮੱਦੇਨਜਰ ਕੱਢਿਆ ਫਲੈਗ ਮਾਰਚ





ਪੱਟੀ 1 ਅਪ੍ਰੈਲ ( ਅਮਰਜੀਤ ਕਾਲੇਕੇ, ਸੰਜੀਵ ਸ਼ਰਮਾ):ਲੋਕ ਸਭਾ ਚੋਣਾਂ ਨੂੰ ਲੈ ਕੇ ਚੋਣ ਕਮਿਸ਼ਨਰ ਦੁਆਰਾ ਚੋਣਾਂ ਨੂੰ ਅਮਨ ਅਮਾਨ ਨਾਲ ਨੇਪਰੇ ਚਾੜਨ ਲਈ ਦਿੱਤੇ ਨਿਰਦੇਸ਼ਾਂ ਤਹਿਤ ਜਿਲ੍ਹਾ ਤਰਨਤਾਰਨ ਦੇ ਚੋਣ ਅਧਿਕਾਰੀ ਅਤੇ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਦੀਆਂ ਹਦਾਇਤਾ 'ਤੇ ਸਬ ਡਵੀਜਨ ਪੱਟੀ ਦੇ ਚੋਣ ਅਧਿਕਾਰੀ ਅਤੇ ਐਸ ਡੀ ਐਮ ਪੱਟੀ ਕ੍ਰਿਪਾਲਵੀਰ ਸਿੰਘ ਦੀ ਅਗਵਾਈ ਹੇਠ ਪੱਟੀ ਪੂਲਿਸ ਵੱਲੋਂ ਸ਼ਹਿਰ ਫਲੈਗ ਮਾਰਚ ਕੱਢਿਆਂ ਗਿਆ ।ਇਸ ਮੌਕੇ ਕੰਵਲਪ੍ਰੀਤ ਸਿੰਘ ਮੰਡ ਡੀ ਐਸ ਪੀ ਸਬ ਡਵੀਜਨ ਪੱਟੀ ਅਤੇ ਸਤਨਾਮ ਸਿੰਘ ਡੀ ਐਸ ਪੀ ਤਰਤਨਤਾਰਨ ( ਸਪੈਸ਼ਲ ਕਰਾਈਮ) ਵੀ ਮੌਜੂਦ ਸਨ। ਇਹ ਫਲੈਗ ਮਾਰਚ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਅਤੇ ਬਾਜ਼ਾਰਾਂ ਵਿੱਚ ਲੰਘਿਆ। ਇਸ ਮੌਕੇ ਕ੍ਰਿਪਾਲਵੀਰ ਸਿੰਘ ਐਸ ਡੀ ਐਮ ਪੱਟੀ ਅਤੇ ਚੋਣ ਅਧਿਕਾਰੀ ਸਬ ਡਵੀਜਨ ਪੱਟੀ ਨੇ ਕਿਹਾ ਕਿ ਫਲੈਗ ਮਾਰਚ ਰਾਹੀਂ ਇਲਾਕਾ ਵਾਸੀਆਂ ਨੂੰ ਦੱਸਿਆ ਗਿਆ ਕਿ ਸਿਵਲ ਪ੍ਰਸ਼ਾਸਨ ਤੇ ਪੁਲਿਸ ਪ੍ਰਸ਼ਾਸਨ ਵੋਟਾਂ ਨੂੰ ਅਮਨ ਅਮਾਨ ਨਾਲ ਨੇਪਰੇ ਚਾੜਨ ਤੇ ਤੁਹਾਡੀ ਸੁਰੱਖਿਆ ਲਈ ਵਚਨਬੱਧ ਹੈ ਅਤੇ ਜਗ੍ਹਾ ਜਗ੍ਹਾ ਨਾਕੇ ਲਗਾ ਕੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਕੋਈ ਵੀ ਗਲਤ ਅਨਸਰ ਆਪਣੇ ਮਨਸੂਬਿਆ ਵਿੱਚ ਕਾਮਯਾਬ ਨਾ ਹੋ ਸਕੇ ।ਇਸ ਮੌਕੇ ਕੰਵਲਪ੍ਰੀਤ ਸਿੰਘ ਮੰਡ ਡੀਐਸਪੀ ਸਬ ਡਵੀਜਨ ਪੱਟੀ ਅਤੇ ਸਤਨਾਮ ਸਿੰਘ ਡੀਐਸਪੀ ਤਰਨਤਾਰਨ ਨੇ ਕਿਹਾ ਕਿ ਪੁਲਿਸ ਅਤੇ ਬੀ ਐਸ ਐਫ ਵੱਲੋਂ ਵੱਖ ਵੱਖ ਪਾਰਟੀਆਂ ਰਾਹੀ ਨਾਕਾਬੰਦੀ ਕਰਕੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਕਿ ਕੋਈ ਨਸ਼ਾ ਸਮਗਲਰ ਜਾਂ ਕੋਈ ਹੋਰ ਗਲਤ ਅਨਸਰ ਆਪਣੇ ਮਨਸੂਬੇ ਵਿੱਚ ਕਾਮਯਾਬ ਨਾ ਹੋ ਸਕੇ । ਇਸ ਫਲੈਗ ਮਾਰਚ ਵਿੱਚ ਹਰਜੋਤ ਸਿੰਘ ਨਾਇਬ ਤਹਿਸੀਲਦਾਰ ਪੱਟੀ, ਰਣਜੀਤ ਸਿੰਘ ਧਾਲੀਵਾਲ ਥਾਣਾ ਮੁੱਖੀ ਸਿਟੀ ਪੱਟੀ, ਗੁਰਪ੍ਰੀਤ ਸਿੰਘ ਥਾਣਾ ਮੁੱਖੀ ਸਦਰ ਪੱਟੀ, ਸਿਮਲਾ ਰਾਣੀ ਐਸਐਚ ਓ ਹਰੀਕੇ ਪੱਤਣ, ਐਸ ਐਚ ਓ ਥਾਣਾ ਸਰਹਾਲੀ, ਸਾਹਿਬਗੁਰਿੰਦਰ ਸਿੰਘ ਐਮ ਟੀ ਸੀ ਪੱਟੀ, ਹਰਪ੍ਰੀਤ ਸਿੰਘ ਰੀਡਰ ਡੀ ਐਸ ਪੀ, ਥਾਣੇਦਾਰ ਉਜਲਦਿਦਾਰ ਸਿੰਘ, ਪੁਲਿਸ ਪਾਰਟੀ ਤੋ ਇਲਾਵਾ ਬੀਐਸਐਫ ਦੇ ਅਧਿਕਾਰੀ ਅਤੇ ਜਵਾਨ ਵੀ ਮੌਜੂਦ ਸਨ।

# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਮੰਗਲਵਾਰ, 2 ਅਪ੍ਰੈਲ 2024

# ਅੰਮ੍ਰਿਤਸਰ (ਜਲੰਧਰ)






## ਇੱਕ ਨਜ਼ਰ



## ਦੇਸ਼ ਦੇ ਲੋਕ ਮੋਦੀ ਦੀ ਤਾਨਾਸ਼ਾਹੀ ਦਾ ਕਰਨਗੇ ਅੰਤ: ਬਲਦੇਵ ਸਿੰਘ ਮਿਆਦੀਆ

ਅੰਮ੍ਰਿਤਸਰ, 1 ਅਪ੍ਰੈਲ (ਹਰਪਾਲ ਸਿੰਘ ਭੰਗੂ)- ਆਮ ਆਦਮੀ ਪਾਰਟੀ ਤੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਕਰਕੇ ਜੋ ਮੋਦੀ ਤੇ ਬੀ. ਜੇ. ਪੀ ਸ਼ਾਜਿਸ਼ਾ ਰਚ ਰਹੀ ਹੈ ਉਸ ਵਿਚ ਕਦੇ ਵੀ ਕਾਮਯਾਬ ਨਹੀ ਹੋਣਗੇ ਇੰਨਾ ਸ਼ਬਦਾ ਦਾ ਪ੍ਰਗਟਾਵਾ ਚੇਅਰਮੈਨ ਪ੍ਰਗੇਨ ਬਲਦੇਵ ਸਿੰਘ ਮਿਆਦੀਆ ਨੇ ਆਪਣੇ ਵਿਚਾਰਾ ਦੌਰਾਨ ਕੀਤਾ। ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਇੱਕ ਝੂਠੇ ਕੇਸ ਵਿੱਚ ਫਸਾ ਕੇ ਉਹਨਾਂ ਦੀ ਗ੍ਰਿਫਤਾਰੀ ਕਰਕੇ ਮੋਦੀ ਸਰਕਾਰ ਆਮ ਆਦਮੀ ਪਾਰਟੀ ਨੂੰ ਤੋੜਨਾ ਚਾਹੁੰਦੀ ਹੈ। ਕਿਉਂਕਿ ਆਮ ਆਦਮੀ ਪਾਰਟੀ ਇੱਕ ਸਿਆਸੀ ਪਾਰਟੀ ਨਹੀਂ ਇਹ ਦੇਸ਼ ਦੇ ਕਰੋੜਾਂ ਆਮ ਲੋਕਾਂ ਦੀ ਇੱਕ ਵਿਚਾਰਧਾਰਾ ਹੈ ਜਿਸਮਾਂ ਨੂੰ ਤਾਂ ਮੋਦੀ ਸਾਹਿਬ ਕੈਦ ਕਰ ਲੈਣਗੇ ਪਰ ਕਿਸੇ ਦੀ ਸੋਚ ਨੂੰ ਕਦੇ ਵੀ ਕੈਦ ਨਹੀਂ ਕੀਤਾ ਜਾ ਸਕਦਾ। ਦੇਸ਼ ਦੇ ਲੋਕ ਮੋਦੀ ਦੀ ਤਾਨਾਸ਼ਾਹੀ ਦਾ ਅੰਤ ਕਰਨਗੇ। ਇਸ ਮੌਕੇ ਬਲਾਕ ਪ੍ਰਧਾਨ ਗੁਰਵਿੰਦਰ ਸਿੰਘ ਫੌਜੀ ਚੱਕ ਮਿਸ਼ਰੀ ਖਾਂ, ਡਾਇਰੈਕਟਰ ਭੁਪਿੰਦਰ ਸਿੰਘ ਸੋਖਲ, ਰਾਜਬੀਰ ਸਿੰਘ ਤੋਲਾ ਨੰਗਲ , ਕੁਲਬੀਰ ਸਿੰਘ ਮਿੱਟੂ, ਲਖਬੀਰ ਸਿੰਘ ਆੜਤੀ ਮੰਜ, ਸੁਖਵਿੰਦਰ ਸਿੰਘ ਸੋਖਲ, ਮਿੱਟੂ ਡੱਲੇਕੇ, ਧਰਵਿੰਦਰ ਸਿੰਘ ਫੌਜੀ ਮੋੜੇ, ਨੰਬਰਦਾਰ ਸਾਊਣ ਸਿੰਘ ਸ਼ਹੂਰਾ, ਸਰਪੰਚ ਦਵਿੰਦਰ ਸਿੰਘ ਭੁੱਲਰ , ਯੂਥ ਆਗੂ ਬਿਕਰਮਜੀਤ ਸਿੰਘ ਭੁੱਲਰ, ਸ਼ੇਰਾ ਉਮਰਪੁਰਾ, ਬਲਰਾਜ ਸਿੰਘ ਹੇਤਮਪੁਰਾ, ਸੁੱਖ ਟਰੱਕਾਂ ਵਾਲਾ, ਸਰਪੰਚ ਜਗਤਾਰ ਸਿੰਘ ਮੌੜੇ, ਅੰਮ੍ਰਿਤਪਾਲ ਸਿੰਘ ਸੂਹਰਾ, ਸਰਪੰਚ ਮਨਜੀਤ ਸਿੰਘ ਨਵਾਂ ਜੀਵਨ, ਮੋਰ ਸਿੰਘ ਚੈਨਪੁਰ, ਪਰਗਟ ਸਿੰਘ ਬੱਚੀਵਿੰਡ ਆਦਿ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਬੰਦੀ ਸਿੰਘ ਭਾਈ ਗੁਰਮੀਤ ਸਿੰਘ ਦੀ ਪੱਕੀ ਜ਼ਮਾਨਤ ਰੱਦ ਕਰਨਾ ਮੰਦਭਾਗਾ: ਐਡਵੋਕੇਟ ਧਾਮੀ

ਅੰਮ੍ਰਿਤਸਰ, 1 ਅਪ੍ਰੈਲ (ਹਰਪਾਲ ਸਿੰਘ ਭੰਗੂ)- ਕਰੀਬ ਤਿੰਨ ਦਹਾਕੇ ਜੇਲ੍ਹ ਵਿਚ ਨਜ਼ਰਬੰਦ ਰਹੇ ਭਾਈ ਗੁਰਮੀਤ ਸਿੰਘ ਨੂੰ ਮਿਲੀ ਪੱਕੀ ਜ਼ਮਾਨਤ ਰੱਦ ਕਰਨਾ ਬੇਹੱਦ ਮੰਦਭਾਗਾ ਹੈ। ਇਹ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਕ ਪਾਸੇ ਸਿੱਖ ਕੌਮ ਸਮੁੱਚੇ ਬੰਦੀ ਸਿੰਘਾਂ ਦੀ ਰਿਹਾਈ ਮੰਗ ਰਹੀ ਹੈ, ਜਦਕਿ ਦੂਜੇ ਪਾਸੇ ਪਹਿਲਾਂ ਤੋਂ ਪੱਕੀ ਜ਼ਮਾਨਤ ’ਤੇ ਆਏ ਸਿੰਘਾਂ ਦੀਆਂ ਜ਼ਮਾਨਤਾਂ ਰੱਦ ਕਰਕੇ ਹੋਰ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਇੰਜ ਲਗਦਾ ਹੈ ਜਿਵੇਂ ਸਰਕਾਰਾਂ ਜਾਣਬੁਝ ਕੇ ਸਿੱਖ ਮਸਲਿਆਂ ਨੂੰ ਉਲਝਾਈ ਰੱਖ ਕੇ ਆਪਣੇ ਰਾਜਸੀ ਹਿੱਤ ਪੂਰੇ ਕਰਨਾ ਚਾਹੁੰਦੀਆਂ ਹਨ। ਐਡਵੋਕੇਟ ਧਾਮੀ ਨੇ ਸਰਕਾਰਾਂ ਨੂੰ ਇਸ ਮਾਮਲੇ ਵਿਚ ਮਨੁੱਖੀ ਅਧਿਕਾਰਾਂ ਦੀ ਅਣਦੇਖੀ ਤੋਂ ਗੁਰੇਜ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਸਾਫ਼ ਤੌਰ ’ਤੇ ਕਿਹਾ ਕਿ ਮਨੁੱਖੀ ਹੱਕਾਂ, ਹਕੂਕਾਂ ਦੇ ਵਿਰੁੱਧ ਸਰਕਾਰਾਂ ਅਤੇ ਪ੍ਰਸ਼ਾਸਨ ਦੀ ਕਾਰਜਸ਼ੈਲੀ ਸਮਾਜ ਲਈ ਠੀਕ ਨਹੀਂ ਹੈ। ਜੇਕਰ ਸਰਕਾਰਾਂ ਇਸੇ ਨੀਤੀ ’ਤੇ ਚੱਲਦੀਆਂ ਰਹੀਆਂ ਤਾਂ ਦੇਸ਼ ਦੇ ਸੰਵਿਧਾਨ ਅਤੇ ਸਰਕਾਰਾਂ ਤੋਂ ਲੋਕਾਂ ਦਾ ਭਰੋਸਾ ਉਠਣਾ ਦੂਰ ਨਹੀਂ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਭਾਈ ਗੁਰਮੀਤ ਸਿੰਘ ਦੀ ਸ਼ਖ਼ਸੀਅਤ ਅਤੇ ਚਾਲ-ਚਲਣ ਚੰਗਾ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਪੱਕੀ ਜ਼ਮਾਨਤ ਰੱਦ ਕਰਕੇ ਮੁੜ ਜੇਲ੍ਹ ਭੇਜਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਈ ਗੁਰਮੀਤ ਸਿੰਘ ਇੰਜੀਨੀਅਰ ਦੀ ਜ਼ਮਾਨਤ ਰੱਦ ਕੀਤੇ ਜਾਣ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਹਰ ਪੱਧਰ ਦੇ ਸਹਿਯੋਗ ਦੀ ਵਚਨਬੱਧਤਾ ਪ੍ਰਗਟਾਉਂਦਿਆਂ ਕਿਹਾ ਕਿ ਸਿੱਖ ਸੰਸਥਾ ਪਹਿਲਾਂ ਵੀ ਬੰਦੀ ਸਿੰਘਾਂ ਦੇ ਮਾਮਲੇ ਵਿਚ ਕਦੇ ਖ਼ਾਮੋਸ਼ ਨਹੀਂ ਰਹੀ ਅਤੇ ਭਵਿੱਖ ਵਿਚ ਵੀ ਬੰਦੀ ਸਿੰਘਾਂ ਦੇ ਹੱਕ ਵਿਚ ਯਤਨ ਜਾਰੀ ਰੱਖੇ ਜਾਣਗੇ। ਉਨ੍ਹਾਂ ਕਿਹਾ ਕਿ ਭਾਈ ਗੁਰਮੀਤ ਸਿੰਘ ਦੇ ਪਰਿਵਾਰ ਨਾਲ ਸੰਪਰਕ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਹਰ ਲੋੜੀਂਦਾ ਸਹਿਯੋਗ ਕੀਤਾ ਜਾਵੇਗਾ।



## ਸ਼ਤਾਬਦੀ ਨੂੰ ਸਮਰਪਿਤ ਕੀਤੇ ਜਾਣ ਵਾਲੇ ਗੁਰਮਤਿ ਸਮਾਗਮਾਂ ਸੰਬੰਧੀ ਭਾਈ ਅਜਾਇਬ ਸਿੰਘ ਨੇ ਪ੍ਰਚਾਰਕ ਸਿੰਘਾਂ ਨਾਲ ਕੀਤੀ ਇਕੱਤਰਤਾ



ਅੰਮ੍ਰਿਤਸਰ, 1 ਅਪ੍ਰੈਲ (ਹਰਪਾਲ ਸਿੰਘ ਭੰਗੂ, ਮਿੱਟੂ ਅਰੋੜਾ)-ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤਿ ਦਿਵਸ ਦੀ ਸ਼ਤਾਬਦੀ ਨੂੰ ਸਮਰਪਿਤ ਧਰਮ ਪ੍ਰਚਾਰ ਕਮੇਟੀ ਵੱਲੋਂ ਹਲਕੇ ਵਿਚ ਗੁਰਮਤਿ ਸਮਾਗਮ ਉਲੀਕਣ ਲਈ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਨੇ ਪ੍ਰਚਾਰਕ ਸਿੰਘਾਂ ਨਾਲ ਮੀਟਿੰਗ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਅਜਾਇਬ ਸਿੰਘ ਅਭਿਆਸੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਅਮਰਦਾਸ ਜੀ ਦਾ 450 ਸਾਲਾ ਜੋਤੀ ਜੋਤਿ ਦਿਵਸ ਸਤੰਬਰ ਮਹੀਨੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਵੱਡੀ ਪੱਧਰ ’ਤੇ ਮਨਾਇਆ ਜਾ ਰਿਹਾ ਹੈ। ਇਸ ਨੂੰ ਸਮਰਪਤ ਧਰਮ ਪ੍ਰਚਾਰ ਕਮੇਟੀ ਵੱਲੋਂ ਗੁਰਮਤਿ ਸਮਾਗਮ ਕਰਕੇ ਸੰਗਤਾਂ ਨੂੰ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਪ੍ਰੋਗਰਾਮ ਉਲੀਕਿਆ ਗਿਆ ਹੈ। ਭਾਈ ਅਭਿਆਸੀ ਨੇ ਕਿਹਾ ਕਿ ਇਸ ਸਬੰਧ ਵਿਚ ਪ੍ਰਚਾਰਕ ਸਿੰਘਾਂ ਨਾਲ ਵਿਚਾਰ ਚਰਚਾ ਕਰਕੇ ਪ੍ਰੋਗਰਾਮ ਦੀ ਵਿਉਂਤਬੰਦੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪ੍ਰਚਾਰਕ ਜਥਿਆਂ ਦੇ ਰੂਪ ਵਿਚ ਸੰਗਤਾਂ ਤੱਕ ਪਹੁੰਚ ਕਰਕੇ ਗੁਰਬਾਣੀ, ਸਿੱਖ ਸਿਧਾਂਤਾਂ, ਇਤਿਹਾਸ ਸਬੰਧੀ ਪ੍ਰਚਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਪ੍ਰਚਾਰਕ ਜਥੇ ਸੰਗਤਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਬਣ ਰਹੀਆਂ ਵੋਟਾਂ ਬਣਾਉਣ ਲਈ ਵੀ ਪ੍ਰੇਰਣਾ ਕਰਨਗੇ। ਇਸ ਮੌਕੇ ਪ੍ਰਚਾਰਕ ਭਾਈ ਇੰਦਰਜੀਤ ਸਿੰਘ, ਭਾਈ ਗੁਰਵਿੰਦਰ ਸਿੰਘ, ਭਾਈ ਸਤਵੰਤ ਸਿੰਘ, ਸ. ਮਲਕੀਤ ਸਿੰਘ ਸਖੀਰਾ ਤੇ ਬੀਬੀ ਅਮਨਦੀਪ ਕੌਰ ਮੌਜੂਦ ਸਨ।

## ਜਿਲ੍ਹਾ ਚੋਣ ਅ.ਫਸਰ ਘਣਸ਼ਾਮ ਥੋਰੀ ਦੀ ਯੋਗ ਅਗਵਾਈ ’ਚ

# ਬਜੁਰਗ ਅਤੇ ਦਿਵਿਆਂਗ ਵੋਟਰਾਂ ਨੂੰ ਜਾਗਰੂਕ ਕਰਨ ਲਈ ਸੈਮੀਨਾਰ ਆਯੋਜਿਤ

■ ਕਿਹਾ ਕਿ ਭਾਰਤ ਚੋਣ ਕਮਿਸ਼ਨ ਵਲੋਂ ਇਸ ਵਾਰ ਬਜੁਰਗ ਅਤੇ ਦਿਵਿਆਂਗ ਵੋਟਰਾਂ ਦੀ ਸਹਾਇਤਾ ਲਈ ਕਈ ਸਹੂਲਤਾਂ ਲਈ ਦਿੱਤੀਆਂ ਜਾ ਰਹੀਆਂ ਹਨ,ਜਿਸਦਾ ਲਾਭ ਦਿਵਿਆਂਗ ਵੋਟਰ ਸਕਸ਼ਮ ਐਪ ਤੇ ਰਜਿਸਟਰੇਸ਼ਨ ਕਰਵਾ ਕੇ ਲੈ ਸਕਦੇ ਹਨ







ਅੰਮ੍ਰਿਤਸਰ, 1 ਅਪ੍ਰੈਲ, (ਹਰਪਾਲ ਸਿੰਘ ਭੰਗੂ)-ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਫ਼ਸਰ ਸ੍ਰੀ ਘਣਸ਼ਾਮ ਥੋਰੀ ਦੀ ਯੋਗ ਅਗੁਆਈ ਅਤੇ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀ ਨਿਕਾਸ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਅਗਾਮੀ ਲੋਕਸਭਾ ਚੋਣਾਂ-2024 ਵਿੱਚ ਬਜੁਰਗ ਅਤੇ ਦਿਵਿਆਂਗ ਵੋਟਰਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਸਥਾਨਕ ਭਗਤ ਪੂਰਨ ਸਿੰਘ ਪਿੰਗਲਵਾੜਾ ਸੇਵਾ ਸੁਆਇਟੀ,ਮਾਨਾਂਵਾਲਾ ਵਿਖੇ ਇੱਕ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ ।ਇਸ ਮੌਕੇ ਆਪਣੇ ਮੌਜੂਦ ਲੋਕਾਂ ਨੂੰ ਸੰਬੋਧਿਤ ਕਰਦੇ ਹੋਏ ਜਿਲ੍ਹਾ ਪੱਧਰੀ ਪੀ.ਡਬਲਿਊ.ਡੀ.ਕਮੇਟੀ ਮੈਂਬਰ ਸ.ਧਰਮਿੰਦਰ ਸਿੰਘ ਨੇ ਕਿਹਾ ਕਿ ਭਾਰਤ ਦੁਨੀਆਂ ਦਾ ਸੱਭ ਤੋਂ ਵੱਡਾ ਲੋਕਤੰਤਰ ਹੈ ਅਤੇ ਸਾਨੂੰ ਸੱਭ ਨੂੰ ਇਸ ਲੋਕਤੰਤਰ ਦਾ ਹਿੱਸਾ ਬਣਨਾ ਚਾਹੀਦਾ ਹੈ ।ਉਹਨਾਂ ਕਿਹਾ ਕਿ ਦੇਸ਼ ਵਿੱਚ ਚੋਣਾਂ ਦੇ ਪਰਵ ਦਾ ਐਲਾਨ ਹੋ ਚੁੱਕਾ ਹੈ ਅਤੇ ਹੁਣ ਸਾਡਾ ਫ਼ਰਜ ਬਣਦਾ ਹੈ ਕਿ ਅਸੀਂ ਇਹਨਾਂ ਚੋਣਾਂ ਵਿੱਚ ਵੱਧ ਚੜ੍ਹ ਕੇ ਭਾਗ ਲਈਏ ।ਉਹਨਾਂ ਕਿਹਾ ਕਿ ਭਾਰਤ ਚੋਣ ਕਮਿਸ਼ਨ ਵਲੋਂ ਇਸ ਵਾਰ ਬਜੁਰਗ ਅਤੇ ਦਿਵਿਆਂਗ ਵੋਟਰਾਂ ਦੀ ਸਹਾਇਤਾ ਲਈ ਕਈ ਸਹੂਲਤਾਂ ਲਈ ਦਿੱਤੀਆਂ ਜਾ ਰਹੀਆਂ ਹਨ,ਜਿਸਦਾ ਲਾਭ ਦਿਵਿਆਂਗ ਵੋਟਰ ਸਕਸ਼ਮ ਐਪ ਤੇ ਰਜਿਸਟਰੇਸ਼ਨ ਕਰਵਾ ਕੇ ਲੈ ਸਕਦੇ ਹਨ ।ਉਹਨਾਂ ਕਿਹਾ ਕਿ ਜਿਲ੍ਹਾ ਪ੍ਰਸ਼ਾਸਨ ਵਲੋਂ ਜਿਲ੍ਹੇ ਦੇ ਹਰ ਪੋਲਿੰਗ ਬੂਥ ਉੱਪਰ ਰੈਂਪ ਦੀ ਸੁਵਿਧਾ ਨੂੰ ਯਕੀਨੀ ਬਣਾਇਆ ਗਿਆ ਹੈ ।ਉਹਨਾਂ ਕਿਹਾ ਕਿ ਦਿਵਿਆਂਗ ਵੋਟਰ 1 ਜੂਨ ਨੂੰ ਹੋਣ ਵਾਲੀਆਂ ਲੋਕਸਭਾ ਚੋਣਾਂ ਦੀ ਪੋਲਿੰਗ ਵਿੱਚ ਜ਼ਰੂਰ ਆਪਣੇ ਵੋਟ ਪਾਉਣ ਦੇ ਸੰਵਿਧਾਨਿਕ ਹੱਕ ਦੀ ਵਰਤੋਂ ਕਰਨ ।ਇਸ ਮੌਕੇ ਭਗਤ ਪੂਰਨ ਸਿੰਘ ਪਿੰਗਲਵਾੜਾ ਦੇ ਪ੍ਰਬੰਧਕੀ ਸ਼ਾਖਾ ਇੰਚਾਰਜ ਸ.ਅਮਰਜੀਤ ਸਿੰਘ,ਵਿਧਾਨਸਭਾ ਹਲਕਾ ਅਟਾਰੀ ਦੇ ਪੀ.ਡਬਲਿਊ.ਡੀ.ਕਮੇਟੀ ਨੋਡਲ ਅਫ਼ਸਰ ਸ੍ਰੀਮਤੀ ਸੰਤੋਸ਼ ਕੁਮਾਰੀ,ਸ.ਸੁਖਰਾਜ ਸਿੰਘ,ਸੰਕੇਤਕ ਭਾਸ਼ਾ ਮਾਹਿਰ ਕੰਵਲਜੀਤ ਕੌਰ ਅਤੇ ਸ੍ਰੀਮਤੀ ਸਿਮਰਨਜੀਤ ਕੌਰ ਹਾਜ਼ਰ ਸਨ।

## ਸਟੂਡੈਂਟ ਸੰਘਰਸ਼ ਮੋਰਚਾ ਵੱਲੋਂ ਵਿਦਿਆਰਥੀ ਮੁੱਦਿਆਂ ਤੇ ਡੀ.ਸੀ. ਨਾਲ ਵਿਚਾਰ ਚਰਚਾ

ਜਲੰਧਰ, 1 ਅਪ੍ਰੈਲ (ਪ੍ਰਭਸਿਮਰਨ ਪਾਲ ਸਿੰਘ)- ਅੱਜ ਜਲੰਧਰ ਦੇ ਨਵੇਂ ਡਿਪਟੀ ਕਮਿਸ਼ਨਰ ਨਾਲ ਵਿਦਿਆਰਥੀਆਂ ਦੇ ਮੁੱਦਿਆਂ ਤੇ ਲੰਮੀ ਚਰਚਾ ਹੋਈ, ਡੀ ਸੀ ਸਾਹਿਬ ਨੇ ਮੋਕੇ ਤੇ ਆਪਣੇ ਪ੍ਰਸਾਸਨ ਤੇ ਜੁੰਮੇਵਾਰ ਅਫ਼ਸਰਾਂ ਨੂੰ ਹਦਾਇਤ ਕੀਤੀ ਕੀ ਵਿਦਿਆਰਥੀਆਂ ਨੂੰ ਕੋਈ ਵੀ ਸਮੱਸਿਆ ਨਹੀ ਆਉਣੀ ਚਾਹੀਦੀ। ਇਸ ਮੌਕੇ ਸਟੂਡੈਂਟ ਸੰਘਰਸ਼ ਮੋਰਚਾ ਵਲੋ ਡੀ ਸੀ ਸਾਬ ਨੂੰ ਵਿਦਿਆਰਥੀਆ ਦੇ ਮੁੱਦਿਆਂ ਸਬੰਧੀ ਮੰਗ ਪੱਤਰ ਵੀ ਦਿੱਤਾ। ਇਸ ਮੌਕੇ ਸਟੂਡੈਂਟ ਸੰਘਰਸ਼ ਮੋਰਚਾ ਪੰਜਾਬ ਦੇ ਪ੍ਰਧਾਨ ਸ੍ਰੀ ਵਰੁਣ ਸੋਫੀਪਿੰਡ,ਵਿਦਿਆਰਥੀ ਆਗੂ ਗੈਰੀ ਕੋਟਲੀ , ਕਨਵੀਨਰ ਪੰਜਾਬ ਅਨਿਲ ਕੌਲ, ਵਿਦਿਆਰਥੀ ਆਗੂ ਬੌਬ ਮਲਹੋਤਰਾ, ਕੁਮਾਰ ਢਿਲਵਾ ਆਦਿ ਹਾਜ਼ਰ ਰਹੇ।



## ਸੈਨਿਕ ਭਲਾਈ ਦਫਤਰ ਵਿਖੇ ਸਿੱਖ ਲਾਈਟ ਇੰਨਫੈਨਟਰੀ ਰੈਜੀਮੈਂਟ ਵੱਲੋਂ ਪੈਨਸ਼ਨਾਂ ਦਾ ਕੀਤਾ ਜਾਵੇਗਾ ਹੱਲ 2 ਅਪ੍ਰੈਲ ਤੋਂ 5 ਅਪ੍ਰੈਲ ਤੱਕ

ਅੰਮ੍ਰਿਤਸਰ 1 ਅਪ੍ਰੈਲ (ਹਰਪਾਲ ਸਿੰਘ ਭੰਗੂ)ਕਮਾਂਡਰ ਬਲਜਿੰਦਰ ਵਿਰਕ (ਰਿਟਾ.) ਜਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਵੱਲੋ ਜਾਣਕਾਰੀ ਦੇਦਿੰਆ ਦੱਸਿਆ ਕਿ ਸਿੱਖ ਲਾਈਟ ਇੰਨਫੈਨਟਰੀ ਰੈਜੀਮੈਂਟ ਵੱਲੋ 02 ਅਪ੍ਰੈਲ 2024 ਤੋਂ 5 ਅਪ੍ਰੈਲ 2024 ਨੂੰ ਇਸ ਦਫਤਰ ਵਿਖੇ ਟੀਮ ਵੱਲੋਂ ਸਿੱਖ ਲਾਈ ਰੈਜੀਮੈਂਟ ਦੇ ਸਾਬਕਾ ਸੈਨਿਕਾਂ ਅਤੇ ਉਹਨਾਂ ਦੀਆਂ ਵਿਧਵਾਵਾਂ ਦੀਆਂ ਪੈਨਸ਼ਨ ਸਬੰਧੀ ਮੁਸ਼ਿਕਲਾ ਸੁਣੇਗੀ ਅਤੇ ਮੁਸ਼ਿਕਲਾ ਹੱਲ ਕਰਨ ਲਈ ਆਪਣੇ ਰਿਕਾਰਡ ਦਫਤਰ ਨੂੰ ਲਿਖੇਗੀ। ਸਿੱਖ ਲਾਈਟ ਇੰਨਫੈਨਟਰੀ ਦੇ ਸਾਬਕਾ ਸੈਨਿਕ ਆਪਣਾ ਪੈਨਸ਼ਨ ਆਦਿ ਸਬੰਧੀ ਰਿਕਾਰਡ ਨਾਲ ਲੈ ਕੇ ਦਫਤਰ ਸੈਨਿਕ ਭਲਾਈ ਮੁੱਖ ਡਾਕ ਵਿਭਾਗ ਦੇ ਸਾਹਮਣੇ ਆਉਣ ।ਵਧੇਰੇ ਜਾਣਕਾਰੀ ਲਈ ਫੋਨ ਨੰਬਰ 0183—2563102 ਤੇ ਸੰਪਰਕ ਕਰ ਸਕਦੇ ਹਨ।


ਸਟਿੰਗ ਆਪ੍ਰੇਸ਼ਨ ਜਲੰਧਰ
www.stingoperation.us

ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ

Contact : 90416-59160

# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਮੰਗਲਵਾਰ, 2 ਅਪ੍ਰੈਲ 2024






### ਵਿਆਹ ਸਮਾਗਮ ਦੌਰਾਨ ਪੁਲਸ ਮੁਲਾਜ਼ਮ ਦੀ ਗੁੰਡਾਗਰਦੀ

# ਆਰਕੈਸਟਰਾ ਵਾਲੀ ਕੁੜੀ ਨਾਲ ਕੀਤੀ ਬਦਕਲਾਮੀ, ਛੇੜਖਾਨੀ ਅਤੇ ਧਮਕਾਇਆ

**ਸੂਤਰਾਂ ਦਾ ਕਹਿਣਾ ਹੈ ਸਬੰਧਤ ਪੁਲਸ ਮੁਲਾਜ਼ਮ ਲੁਧਿਆਣਾ ਵਿਖੇ ਇਕ ਉੱਚ ਅਧਿਕਾਰੀ ਦਾ ਗੰਨਮੈਨ ਲੱਗਿਆ ਹੋਇਆ ਹੈ ਜਿਸ ਦਾ ਕਿ ਪੁਲਸ ਵਲੋਂ ਕੱਲ੍ਹ ਹੀ ਘਟਨਾ ਉਪਰੰਤ ਰਿਵਾਲਵਰ ਆਪਣੇ ਕਬਜ਼ੇ 'ਚ ਲੈਣ ਦੀ ਗੱਲ ਵੀ ਕਹੀ ਜਾਂ ਰਹੀ ਏ ਜਿਸ ਦੇ ਕਿ....**











ਮਾਛੀਵਾੜਾ ਸਾਹਿਬ, 1 ਅਪ੍ਰੈਲ (ਕੇਵਲ ਸਿੰਘ ਕੱਦੋਂ)- ਕੱਲ੍ਹ ਸ਼ਾਮ ਇਕ ਵਿਆਹ ਸਮਾਰੋਹ 'ਚ ਆਏ ਪੁਲਸ ਮੁਲਾਜ਼ਮ ਜਿਸ ਦੀ ਡਿਊਟੀ ਲੋਕਾਂ ਦੀ ਸੁਰੱਖਿਆ 'ਤੇ ਕਾਨੂੰਨ ਦੀ ਪਾਲਣਾ ਕਰਨ 'ਤੇ ਕਰਵਾਉਣ ਦੀ ਹੁੰਦੀ ਹੈ ਉਹ ਹੀ ਜਿੱਥੇ ਸ਼ਰਾਬੀ ਹਾਲਤ ਵਿਚ ਭੰਗੜਾ ਪ੍ਰੋਗਰਾਮ ਕ ਰਹੀਆ ਲੜਕੀਆਂ ਨਾਲ ਕਥਿਤ ਤੌਰ 'ਤੇ ਬਦਕਲਾਮੀ ਅਤੇ ਛੇੜਖਾਨੀ ਕਰਨ 'ਤੇ ਉਤਾਰੂ ਹੋ ਗਿਆ ਉੱਥੇ ਮੌਜੂਦ ਲੋਕਾਂ ਵਲੋਂ ਰੋਕੇ ਜਾਣ 'ਤੇ ਉਨ੍ਹਾਂ ਉੱਪਰ ਵੀ ਰਿਵਾਲਵਰ ਲੈ ਕੇ ਧਮਕੀਆਂ ਦੇਣ ਲੱਗ ਗਿਆ ਜਿਸ ਕਾਰਨ ਇਸ ਵਿਆਹ ਸਮਾਗਮ ਦੇ ਰੰਗ ਭੰਗ ਪੈ ਗਿਆ ਉਸ ਦੀ ਇਸ ਹਰਕਤ ਨਾਲ ਸ਼ਾਮਲ ਹੋ ਕੇ ਲੋਕ ਵੀ ਸਹਿਮ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਨੇੜੇ ਦੇ ਹੀ ਪਿੰਡ ਦੀ ਲੜਕੀ ਦਾ ਵਿਆਹ ਸਮਾਗਮ ਸਮਰਾਲਾ ਚੰਡੀਗੜ੍ਹ ਰੋਡ 'ਤੇ ਸਥਿਤ ਗਿੱਲ ਮੈਰਿਜ ਪੈਲੇਸ 'ਚ ਹੋ ਰਿਹਾ ਸੀ ਜਿੱਥੇ ਕਿ ਲੜਕਾ ਲੜਕੀ ਦੇ ਅਨੰਦ ਕਾਰਜ ਹੋਣ ਉਪਰੰਤ ਬਰਾਤ ਦੀ ਆਓ ਭਗਤ ਕੀਤੀ ਜਾ ਰਹੀ ਸੀ ਪਰ ਦੇਰ ਸ਼ਾਮ ਮੈਰਿਜ ਪੈਲੇਸ ਦੀ ਸਟੇਜ 'ਤੇ ਉਸ ਸਮੇ ਹੰਗਾਮਾ ਹੋ ਗਿਆ ਜਦੋਂ ਇਕ ਪੁਲਸ ਮੁਲਾਜ਼ਮ ਜਗਰੂਪ ਸਿੰਘ ਜਿਹੜਾ ਕਿ ਨੇੜੇ ਦੇ ਹੀ ਪਿੰਡ ਦਾ ਵਸਨੀਕ ਦੱਸਿਆ ਜਾਂ ਰਿਹਾ ਹੈ ਨੇ ਸਮਾਜਿਕ ਤਾਣੇ-ਬਾਣੇ ਨੂੰ ਤਾਰ-ਤਾਰ ਕਰਦਿਆ ਉੱਥੇ ਚੰਡੀਗੜ੍ਹ ਤੋਂ ਆ ਕੇ ਪ੍ਰੋਗਰਾਮ ਪੇਸ਼ ਕਰ ਰਹੀਆ ਕਲਾਕਾਰ ਲੜਕੀਆਂ ਨਾਲ ਆਪਣੇ ਭੰਗੜਾ ਪਾਉਣ ਲਈ ਜਬਰੀ ਜੋਰ ਪਾਉਣਾ ਸ਼ੁਰੂ ਕਰ ਦਿੱਤਾ ? ਪਹਿਲਾਂ ਤਾਂ ਲੜਕੀਆ ਨੇ ਇਸ ਨੂੰ ਨਜ਼ਰਅੰਦਾਜ ਕਰ ਦਿੱਤਾ ਪਰ ਜਦੋਂ ਉਹ ਫਿਰ ਵੀ ਨਾ ਟਲਿਆ ਤਾਂ ਕਲਾਕਾਰ ਲੜਕੀਆਂ 'ਤੇ ਪੁਲਸ ਮੁਲਾਜ਼ਮ ਨੇ ਜਿੱਥੇ ਇਕ ਦੂਜੇ ਨੂੰ ਗਾਲ਼ਾ ਕੱਢੀਆਂ ਉੱਥੇ ਗੁੱਸੇ ਵਿਚ ਸਟੇਜ ਸਟਾਫ ਵੱਲੋਂ ਰੋਕੇ ਜਾਣ ਦੇ ਬਾਵਜੂਦ ਹੱਥੋਪਾਈ ਹੋਣ ਦੀ ਕੋਸ਼ਿਸ਼ ਤੱਕ ਕੀਤੀ ਇਸ ਦੌਰਾਨ ਪੁਲਸ ਮੁਲਾਜ਼ਮ ਨੇ ਵੀ ਉਕਤ ਲੜਕੀਆਂ ਦੀ ਸਟੇਜ ਵੱਲ ਨੂੰ ਕੱਚ ਦੇ ਗਲਾਸ ਤੋਂ ਇਲਾਵਾ ਪੱਥਰ ਤੱਕ ਮਾਰੇ ਜਿਹੜੇ ਕਿ ਕਿਸੇ ਦੇ ਵੀ ਨਹੀ ਲੱਗੇ । ਇਸ ਉਪਰੰਤ ਇਹ ਸ਼ਰਾਬੀ ਹੋਇਆ ਪੁਲਸ ਮੁਲਾਜ਼ਮ ਆਪਣੇ ਰਿਵਾਲਵਰ ਸਮੇਤ ਪੈਲੇਸ ਦੇ ਗੇਟ ਅੱਗੇ ਬੈਠ ਗਿਆ 'ਤੇ ਲੋਕਾਂ ਵੱਲੋ ਸਮਝਾਉਣ ਦੇ ਬਾਵਜੂਦ ਧਮਕੀਆਂ ਦਿੰਦਾ ਦੇਖਿਆ ਗਿਆ। ਉਸ ਦੀ ਇਸ ਹਰਕਤ ਦੀ ਜਾਣਕਾਰੀ ਤੁਰੰਤ ਪੁਲਸ ਅਧਿਕਾਰੀਆਂ ਨੂੰ ਦਿੱਤੀ ਗਈ ਜਿੱਥੋ ਕਿ ਇਹ ਪੁਲਸ ਦੇ ਆਉਣ ਤੋਂ ਪਹਿਲਾਂ ਹੀ ਉਹ ਰਫੂਚੱਕਰ ਹੋ ਗਿਆ। ਓਧਰ ਸੂਤਰਾਂ ਦਾ ਕਹਿਣਾ ਹੈ ਸਬੰਧਤ ਪੁਲਸ ਮੁਲਾਜ਼ਮ ਲੁਧਿਆਣਾ ਵਿਖੇ ਇਕ ਉੱਚ ਅਧਿਕਾਰੀ ਦਾ ਗੰਨਮੈਨ ਲੱਗਿਆ ਹੋਇਆ ਹੈ ਜਿਸ ਦਾ ਕਿ ਪੁਲਸ ਵਲੋਂ ਕੱਲ੍ਹ ਹੀ ਘਟਨਾ ਉਪਰੰਤ ਰਿਵਾਲਵਰ ਆਪਣੇ ਕਬਜ਼ੇ 'ਚ ਲੈਣ ਦੀ ਗੱਲ ਵੀ ਕਹੀ ਜਾਂ ਰਹੀ ਏ ਜਿਸ ਦੇ ਕਿ ਕਾਗਜ਼ਾਤ ਮੰਗੇ ਜਾਂ ਰਹੇ ਹਨ । ਹੁਣ ਦੇਖਣਾ ਇਹ ਹੋਵੇਗਾ ਕਿ ਖੰਨਾ ਪੁਲਸ ਆਪਣੇ ਹੀ ਮਹਿਕਮਾ ਮੁਲਾਜ਼ਮ 'ਤੇ ਕੋਈ ਕਾਨੂੰਨੀ ਕਾਰਵਾਈ ਕਰਦੀ ਹੈ ਜਾਂ ਸੈਂਕੜੇ ਲੋਕਾਂ ਸਾਹਮਣੇ ਸ਼ਰੇਆਮ ਹੋਈ ਇਸ ਘਟਨਾ ਨੂੰ ਰਫਾ-ਦਫਾ ਕਰਨ ਦੀ ਕੋਸ਼ਿਸ ਕਰਦੀ ਏ ? ਖ਼ਬਰ ਲਿਖੇ ਜਾਣ ਪੁਲਸ ਮਾਮਲੇ ਦੀ ਜਾਂਚ ਕਰਨ ਦੀ ਗੱਲ ਕਹਿ ਰਹੀ ਸੀ ।

## ਕੀ ਕਹਿਣਾ ਹੈ ਪੀੜਤ ਕੁੜੀ ਅਤੇ ਉਸ ਦੇ ਮੈਨੇਜਰ ਦਾ

ਪੀੜਤ ਦੱਸੀ ਜਾਂਦੀ ਲੜਕੀ ਕਲਾਕਾਰ ਸਿਮਰ ਅਤੇ ਉਸ ਦੇ ਮੈਨੇਜਰ ਅਮਨ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਪੁਲਸ ਨੂੰ ਸ਼ਿਕਾਇਤ ਕਰਨ 'ਤੇ ਉਸ ਉਪਰੰਤ ਪਰਚਾ ਦਰਜ ਹੋਣ ਗੱਲ ਕਹੀ ਹੈ ਭਾਂਵੇ ਕਿ ਸਮਰਾਲਾ ਪੁਲਸ ਇਸ ਦੀ ਅਜੇ ਇਸ ਦੀ ਪੁਸ਼ਟੀ ਨਹੀਂ ਕਰ ਰਹੀ।

## ਕੀ ਕਹਿਣਾ ਹੈ ਥਾਣਾ ਸਮਰਾਲਾ ਪੁਲਸ ਦੇ ਮੁੱਖੀ ਦਾ

ਇਸ ਸਬੰਧੀ ਗੱਲ ਕਰਨ 'ਤੇ ਥਾਣਾ ਸਮਰਾਲਾ ਪੁਲਸ ਮੁੱਖੀ ਰਾਓ ਵਰਿੰਦਰ ਸਿੰਘ ਦਾ ਕਹਿਣਾ ਸੀ ਇਸ ਸਬੰਧੀ ਸ਼ੋਸ਼ਲ ਮੀਡੀਆ 'ਤੇ ਵੀ ਚਲ ਰਹੀ ਵੀਡੀਓ ਦੀ ਜਾਂਚ ਕਰਨ ਉਪਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ।

# ਇੱਕ ਨਜ਼ਰ



## ਸੁਖਵਿੰਦਰ ਕੌਰ ਉੱਚ ਸ਼੍ਰੇਣੀ ਕਲਰਕ ਨੂੰ ਸੇਵਾ ਮੁੱਕਤ ਹੋਣ ਤੇ ਸਨਮਾਨਤ ਕੀਤਾ

### ਵਿਭਾਗ ਵਿੱਚ ਹਜ਼ਾਰਾਂ ਖਾਲੀ ਅਸਾਮੀਆਂ ਤੇ ਰੈਗੂਲਰ ਭਰਤੀ ਕਰਨ ਅਤੇ ਸੇਵਾ ਲਾਭ ਸਮੇਂ ਸਿਰ ਦੇਣ ਦੀ ਜੋਰਦਾਰ ਮੰਗ

ਤਰਨ ਤਾਰਨ , 1 ਅਪ੍ਰੈਲ (ਮਨਜੀਤ ਸੰਧੂ, ਹਰਪ੍ਰੀਤ ਸਿੰਘ ਚੰਬਾ) ਪਾਵਰਕਾਮ ਵਿਭਾਗ ਦੀ ਦਿਹਾਤੀ ਡਵੀਜ਼ਨ ਵਿੱਚ ਬਤੌਰ ਉੱਚ ਸ੍ਰੇਣੀ ਕਲਰਕ ਸੇਵਾਵਾਂ ਨਿਭਾਉਣ ਉਪਰੰਤ 31ਮਾਰਚ ਨੂੰ ਸੇਵਾ ਮੁੱਕਤ ਹੋਈ ਸ੍ਰੀਮਤੀ ਸੁਖਵਿੰਦਰ ਕੌਰ ਭੈਲ ਨੂੰ ਪਾਵਰਕਾਮ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਤੋਂ ਇਲਾਵਾ ਮੁਲਾਜਮ ਜਥੇਬੰਦੀਆਂ ਨੇ ਯਾਦਗਾਰੀ ਤੋਹਫੇ ਦੇ ਕੇ ਸਨਮਾਨਤ ਕੀਤਾ। ਇਸ ਸਬੰਧੀ ਸਥਾਨਿਕ ਸਤਿਕਾਰ ਪੇਲੈਸ ਵਿੱਚ ਹੋਏ ਵਿਦਾਇਗੀ ਸਮਾਗਮ ਵਿੱਚ ਪਾਵਰਕਾਮ ਵਿਭਾਗ ਦੇ ਉਪ ਮੁੱਖ ਇੰਜੀਨੀਅਰ ਨਰੋਤਮ ਸਿੰਘ , ਵਧੀਕ ਨਿੰਗਰਾਨ ਇੰਜੀਨੀਅਰ ਹਰਦੀਪ ਸਿੰਘ ਸੇਖੋਂ , ਵਧੀਕ ਨਿੰਗਰਾਨ ਇੰਜੀਨੀਅਰ ਹਰਪ੍ਰੀਤ ਸਿੰਘ , ਵਧੀਕ ਨਿੰਗਰਾਨ ਇੰਜੀਨੀਅਰ ਹਰਕ੍ਰਿਸ਼ਨ ਸਿੰਘ ਤੋਂ ਇਲਾਵਾ ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਕਲਵਿੰਦਰ ਸਿੰਘ ਬਾਗੜੀਆਂ , ਮੰਗਲ ਸਿੰਘ ਨਾਗੋਕੇ , ਸਤਨਾਮ ਸਿੰਘ ਸਰਾਂ , ਬਲਜਿੰਦਰ ਕੌਰ ਤੋਂ ਇਲਾਵਾ ਪਾਵਰਕਾਮ ਟਰਾਸ਼ਕੋ ਪੈਨਸ਼ਨ ਯੂਨੀਅਨ ਦੇ ਆਗੂ ਬਲਦੇਵ ਸਿੰਘ ਰਸੂਲਪੁਰ , ਨਰਿੰਦਰ ਬੇਦੀ ਨੇ ਸ੍ਰੀਮਤੀ ਸੁਖਵਿੰਦਰ ਕੌਰ ਵੱਲੋਂ ਮਹਿਕਮੇ ਵਿੱਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਤੇ ਇਕੱਤਰ ਹਾਜਰੀਨ ਨੂੰ ਸੰਬੋਧਨ ਕਰਦਿਆਂ ਏਟਕ ਜਥੇਬੰਦੀ ਦੇ ਸੂਬਾ ਪ੍ਰਧਾਨ ਅਤੇ ਏਕਤਾ ਮੰਚ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਇਸ ਖੁਸ਼ੀ ਦੇ ਮੌਕੇ ਤੇ ਭੈਲ ਪ੍ਰੀਵਾਰ ਨੂੰ ਮੁਬਾਰਕਬਾਦ ਪੇਸ਼ ਕਰਦਿਆਂ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਕੋਲੋ ਮੰਗ ਕੀਤੀ ਕਿ ਪਾਵਰਕਾਮ ਵਿੱਚੋ ਲਗਾਤਾਰ ਹਰੇਕ ਮਹੀਨੇ ਵੱਡੇ ਪੱਧਰ ਤੇ ਕਰਮਚਾਰੀਆਂ ਦੀ ਹੋ ਰਹੀ ਸੇਵਾ ਮੁੱਕਤੀ ਕਾਰਣ ਖਾਲੀ ਹੋਈਆਂ ਹਜਾਰਾਂ ਅਸਾਮੀਆਂ ਤੇ ਤੁਰੰਤ ਰੈਗੂਲਰ ਭਰਤੀ ਪੂਰੇ ਸਕੇਲ ਵਿੱਚ ਕਰਨ ਸਮੇਤ ਸੇਵਾ ਮੁੱਕਤ ਹੋਣ ਵਾਲੇ ਹਰੇਕ ਕਰਮਚਾਰੀ ਨੂੰ ਸਾਰੇ ਸੇਵਾ ਲਾਭ ਸਮੇਂ ਸਿਰ ਦਿੱਤੇ ਜਾਣ । ਮੁਲਾਜਮ ਆਗੂਆਂ ਨੇ ਕਿਹਾ ਕਿ ਛੇ ਮਹੀਨੇ ਪਹਿਲਾਂ ਸੇਵਾ ਮੁੱਕਤ ਹੋਏ ਕਰਮਚਾਰੀਆਂ ਨੂੰ ਬਣਦੇ ਸੇਵਾ ਲਾਭ ਨਹੀਂ ਦਿੱਤੇ ਜਾ ਰਹੇ ਜੋ ਕਰਮਚਾਰੀਆਂ ਨਾਲ ਧੱਕਾ ਹੈ । ਇਸ ਮੌਕੇ ਸਰਕਲ ਸੁਪਰਡੈਂਟ ਕੰਵਲਜੀਤ ਕੌਰ , ਡਵੀਜ਼ਨ ਸੁਪਰਡੈਂਟ ਸ੍ਰੀਮਤੀ ਰਾਧਾ ਸ਼ਰਮਾਂ , ਮੰਡਲ ਲੇਖਾਕਾਰ ਸਿਮਰਨਜੀਤ ਸਿੰਘ , ਐਚ ਡੀ ਐਮ ਇੰਜੀ :ਹਰਿੰਦਰ ਸਿੰਘ , ਸੀ ਐਚ ਡੀ ਇੰਜੀ: ਪੁਨੀਤ ਸਿੰਘ , ਇੰਜੀ: ਸੁਖਦੇਵ ਕੁਮਾਰ ਜੇ ਈ ਸਮੇਤ ਵੱਡੀ ਗਿਣਤੀ ਮੁਲਾਜ਼ਮਾਂ ਨੇ ਹਿੱਸਾ ਲਿਆ।


ਸਟਿੰਗ ਆਪ੍ਰੇਸ਼ਨ
www.stingoperation.us ਜਲੰਧਰ
ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ
Contact : 90416-59160

पत्रकारिता का जज़्बा दफन न होने दो
हमारे साथ सम्पर्क करें
'स्टिंग अप्रेशन' समाचार पत्र
'स्टिंग अप्रेशन' वैब टी.वी.




हर गांव, कस्बे, शहर एवं स्टेट से
शिक्षित, मेहनती लड़के-लड़कियां
पत्रकारिता के लिए सम्पर्क करें
Mob. : 90416-59160, 94177-17088
E-mail : stingnews24@gmail.com
www.stingoperation.us

# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਮੰਗਲਵਾਰ, 2 ਅਪ੍ਰੈਲ 2024


## ਪਠਾਨਕੋਟ ਖ਼ਬਰਨਾਮਾ






## ਇੱਕ ਨਜ਼ਰ

### ਸਰਕਾਰੀ ਸਕੂਲਾਂ ਦੇ ਪੰਜਵੀਂ ਕਲਾਸ ਦੇ ਵਿਦਿਆਰਥੀਆਂ ਨੇ ਪੰਜਾਬ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਜਿਲ੍ਹਾ ਪਠਾਨਕੋਟ ਦਾ ਕੀਤਾ ਨਾਮ ਰੌਸ਼ਨ-ਡਿਪਟੀ ਕਮਿਸ਼ਨਰ

**ਪਠਾਨਕੋਟ, 1 ਅਪ੍ਰੈਲ ( ਵਿਜੇ ਕੁਮਾਰ ਜਿਲੇਦਾਰ ਸੇਵਾਮੁਕਤ ਬਿਉਰੋ ਚੀਫ )**-ਜਿਲ੍ਹਾ ਪਠਾਨਕੋਟ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਇਤਿਹਾਸ ਦੀ ਸਿਰਜਨਾ ਕਰਦਿਆਂ ਪੂਰੇ ਪੰਜਾਬ ਅੰਦਰ ਪੰਜਾਵੀਂ ਕਲਾਸ ਦੇ ਨਤੀਜਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਜਿੱਥੇ ਜਿਲ੍ਹਾ ਪਠਾਨਕੋਟ ਦਾ ਮਾਣ ਵਧਾਇਆ ਹੈ ਉੱਥੇ ਹੀ ਪੂਰੇ ਪੰਜਾਬ ਅੰਦਰ ਜਿਲ੍ਹਾ ਪਠਾਨਕੋਟ ਨੂੰ ਵੱਖਰੀ ਪਹਿਚਾਣ ਦਿੱਤੀ ਹੈ। ਇਹ ਪ੍ਰਗਟਾਵਾ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ ਨੇ ਕੀਤਾ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਦੇ ਪ੍ਰਾਇਮਰੀ ਸਕੂਲ ਵਿੱਚ ਪੜਦੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਹਾਦਿੱਕ ਸੁਭਕਾਮਨਾਵਾਂ ਦਿੱਤੀਆਂ।



ਜਾਣਕਾਰੀ ਦਿੰਦਿਆਂ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ ਨੇ ਦੱਸਿਆ ਕਿ ਜਿਲ੍ਹਾ ਪਠਾਨਕੋਟ ਵਿੱਚ 376 ਸਰਕਾਰੀ ਪ੍ਰਾਇਮਰੀ ਸਕੂਲ ਚਲ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੰਜਵੀਂ ਕਲਾਸ ਵਿੱਚ ਪੜਨ ਵਾਲੇ 5695 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ ਜਿਸ ਵਿੱਚੋਂ 5693 ਵਿਦਿਆਰਥੀਆਂ ਨੇ ਪਾਸ ਹੋ ਕੇ ਪੂਰੇ ਪੰਜਾਬ ਅੰਦਰ 99.96 ਪ੍ਰਤੀਸਤ ਨਤੀਜੇ ਪ੍ਰਾਪਤ ਕੀਤੇ ਹਨ। ਉਨ੍ਹਾਂ ਕਿਹਾ ਕਿ ਜਿਵੇਂ ਕਿ ਅੱਜ ਦੇ ਸਮੇਂ ਵਿੱਚ ਬੇਟੀ ਵੀ ਬੇਟੇ ਤੋਂ ਅੱਗੇ ਨਿਕਲ ਕੇ ਅਪਣੇ ਮਾਪਿਆਂ ਦਾ ਨਾਮ ਰੋਸਨ ਕਰ ਰਹੀ ਹੈ ਅਤੇ ਜਿਲ੍ਹਾ ਪਠਾਨਕੋਟ ਅੰਦਰ ਬੇਟੀਆਂ ਨੇ ਪੂਰੇ ਪੰਜਾਬ ਅੰਦਰ ਜਿਲ੍ਹਾ ਪਠਾਨਕੋਟ ਨੂੰ ਇੱਕ ਵਿਲੱਖਣ ਪਹਿਚਾਣ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਦੇ ਪੰਜਵੀਂ ਜਮਾਤ ਦੇ ਨਤੀਜੇ ਵਧੀਆ ਆਉਂਣ ਤੇ ਉਹ ਜਿਲ੍ਹਾ ਵਾਸੀਆਂ ਅਤੇ ਸਰਕਾਰੀ ਸਕੂਲਾਂ ਅੰਦਰ ਪੜਨ ਵਾਲੇ ਬੱਚਿਆਂ ਦੇ ਮਾਤਾ ਪਿਤਾ ਨੂੰ ਹਾਰਦਿੱਕ ਸੁਭਕਾਮਨਾਵਾਂ ਦਿੰਦੇ ਹਨ। ਉਨ੍ਹਾਂ ਜਿਲ੍ਹਾ ਪਠਾਨਕੋਟ ਦੇ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਰਕਾਰੀ ਸਕੂਲਾਂ ਅੰਦਰ ਬੱਚਿਆਂ ਨੂੰ ਦਾਖਲ ਕਰਵਾਓ ਅਤੇ ਵਧੀਆ ਕਵਾਲਿਟੀ ਦੀ ਸਿੱਖਿਆ ਬੱਚਿਆਂ ਨੂੰ ਦਿਓ। ਉਨ੍ਹਾਂ ਕਿਹਾ ਕਿ ਪੰਜਵੀਂ ਜਮਾਤ ਦੇ ਨਤੀਜੇ ਵਧੀਆ ਆਉਂਣ ਤੇ ਉਹ ਸ. ਹਰਭਗਵੰਤ ਸਿੰਘ ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਪਠਾਨਕੋਟ , ਸ੍ਰੀ ਡੀ.ਜੀ. ਸਿੰਘ ਉੱਪ ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਪਠਾਨਕੋਟ ਅਤੇ ਸਰਕਾਰੀ ਸਕੂਲਾਂ ਦੇ ਸਟਾਫ ਨੂੰ ਵੀ ਹਾਰਦਿੱਕ ਸੁਭਕਾਮਨਾਵਾਂ ਦਿੰਦੇ ਹਨ।

### सीजेएम ने किया अति पिछड़े गांव ढेर सुकेरनी का दौरा

#### कहा गांव में सुविधा देने के लिए प्रशासन को लिखेंगे



**पठानकोट, 1 अप्रैल ( विजय कुमार जिलेदार सेवानिवृत्त )**-जिला कानूनी सेवाएं अथॉरिटी पठानकोट के सचिव कम सीजेएम रंजीव पाल सिंह चीमा की अध्यक्षता में जिला कानूनी सेवाएं अथारिटी पठानकोट की टीम द्वारा ब्लॉक के अति पिछड़े गांव ढेर सुकेरनी का दौरा किया। इस मौके पर गांव के सरपंच किशन चंद ने बताया कि आजादी के 77 वर्ष बीत जाने के बाद भी यह गांव मूलभूत सुविधाओं से वंचित है । उन्होंने बताया कि गांव को जाने के लिए सड़क नहीं है जिसके चलते ग्रामीणों को रोजमर्रा के कार्य के लिए जाने हेतु बड़ी कठिनाइयों को सहना पड़ता है अगर कोई बीमार पड़ जाता है तो मरीज को ले जाने में भी काफी कठिनाइयों होती हैं । गांव की हालत इतनी दयानी है उन्होंने बताया कि जहां पर पंजाब का गांव होने के बावजूद भी कोई भी सरकार बिजली सुविधा नहीं दे सकी है जिसके चलते ग्रामीण हिमाचल से बिजली लेकर अपने घरों को रोशन करते हैं । उन्होंने बताया कि बार-बार प्रशासन तथा सरकार को आग्रह करने के पश्चात भी अभी तक यह गांव सुविधाओं से वंचित है उन्होंने प्रशासन से अपील की है कि इस गांव को मूलभूत सुविधाएं दी जाए ताकि लोग सुखमय जीवन बसर कर सकें। वही इस अवसर पर सीजेएम कम सचिव रंजीव पाल सिंह चीमा ने सरपंच सहित गांव वासियों को भरोसा दिलाया कि वे प्रशासन के साथ तालमेल करके जल्द ही लोगों को सुविधाएं दिलाने का हर संभव प्रयास करेंगे।


ਸਟਿੰਗ ਆਪ੍ਰੇਸ਼ਨ
www.stingoperation.us ਜਲੰਧਰ
ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ
Contact : 90416-59160


### ਪਠਾਨਕੋਟ ਪੁਲਿਸ ਵਲੋਂ

## ਕੱਢਿਆ ਫਲੈਗ ਮਾਰਚ












**ਪਠਾਨਕੋਟ , 1 ਅਪ੍ਰੈਲ(ਵਿਜੇ ਕੁਮਾਰ ਜਿਲੇਦਾਰ ਸੇਵਾਮੁਕਤ ਬਿਉਰੋ ਚੀਫ )**-ਅੱਜ ਆਦਿੱਤਿਆ ਉੱਪਲ ਡਿਪਟੀ ਕਮਿਸ਼ਨਰ ਪਠਾਨਕੋਟ - ਕਮ-ਜਿਲ੍ਹਾ ਚੋਣ ਅਫਸਰ ਪਠਾਨਕੋਟ ,ਸੁਹੇਲ ਕਾਸਿਮ ਮੀਰ ਐਸ.ਐਸ.ਪੀ. ਪਠਾਨਕੋਟ ਦੀ ਮੌਜੂਦਗੀ ਵਿਚ ਫਲੈਗ ਮਾਰਚ ਕੱਢਿਆ ਗਿਆ। ਇਸ ਫਲੈਗ ਮਾਰਚ ਵਿਚ ਲਗਭਗ 110 ਮੁਲਾਜਮਾਂ ਨੇ ਹਿੱਸਾ ਲਿਆ। ਇਸ ਮੌਕੇ ਐਸ.ਐਸ.ਪੀ. ਪਠਾਨਕੋਟ ਨੇ ਦੱਸਿਆ ਕਿ ਫਲੈਗ ਮਾਰਚ ਕੱਢਣ ਦਾ ਕਾਰਨ ਅਮਨ ਅਤੇ ਸ਼ਾਂਤੀ ਨਾਲ ਚੋਣਾਂ ਕਰਵਾਉਣਾਂ ਹੈ। ਉਹਨਾਂ ਕਿਹਾ ਕਿ ਪੁਲਿਸ ਹਮੇਸ਼ਾ ਲੋਕਾਂ ਦੇ ਨਾਲ ਹੈ। ਇਸ ਦੇ ਨਾਲ ਹੀ ਕਿਸੇ ਵੀ ਸਰਾਰਤੀ ਵਿਅਕਤੀ ਨੂੰ ਬਕਸਿਆਂ ਨਹੀਂ ਜਾਵੇਗਾ। ਇਸ ਦੇ ਨਾਲ ਹੀ ਆਦਿੱਤਿਆ ਉੱਪਲ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਦੱਸਿਆ ਕਿ ਚੋਣਾਂ ਦੇ ਦੋਰਾਨ ਹਰੇਕ ਤਰ੍ਹਾਂ ਦੀ ਅਪਰਾਧਿਕ ਗਤਿਵਿਧੀਆਂ ਨੂੰ ਰੋਕਿਆ ਜਾ ਸਕੇ ਅਤੇ ਲੋਕ ਸਭਾ ਚੋਣਾਂ ਨੂੰ ਸਫਲਤਾਂ ਪੂਰਵਕ ਕਰਵਾਇਆ ਜਾ ਸਕੇ। ਇਹ ਫਲੈਗ ਮਾਰਚ ਥਾਣਾ ਡਵੀਜਨ ਨੰਬਰ 1 ਤੋਂ ਸ਼ੁਰੂ ਹੋ ਕੇ ਬੱਸ ਸਟੈਂਡ, ਯੂ ਨਾਈਟ ਹੋਟਲ, ਬਾਲਮੀਕੀ ਚੌਕ, ਗਾਂਧੀ ਚੌਕ, ਗਾੜੀ ਅਹਾਤਾ ਚੌਕ, ਲਾਈਟਾ ਵਾਲਾ ਚੌਕ, ਪੀਰ ਬਾਬਾ ਚੌਕ ਤੋਂ ਹੁੰਦੇ ਹੋਏ ਸ਼ਹੀਦ ਭਗਤ ਚੌਕ ਵਿਚ ਸਮਾਪਤ ਹੋਇਆ।